# ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਸੂਚਨਾ

ਅਪਾਹਜਤਾ ਸਿੱਖਿਆ ਐਕਟ, ਭਾਗ ਬੀ, ਅਤੇ ਕੈਲੀਫੋਰਨੀਆ ਸਿੱਖਿਆ ਸੰਹਿਤਾ ਦੇ ਤਹਿਤ ਮਾਤਾ-ਪਿਤਾ ਅਤੇ ਬੱਚਿਆਂ ਦੇ ਵਿਸ਼ੇਸ਼ ਸਿੱਖਿਆ ਅਧਿਕਾਰ।

## ਸੰਸ਼ੋਧਿਤ ਮਾਰਚ 2024

ਨੋਟ: ਸਕੂਲ ਡਿਸਟ੍ਰਿਕਟ ਸ਼ਬਦ ਦੀ ਵਰਤੋਂ ਇਸ ਪੂਰੇ ਦਸਤਾਵੇਜ਼ ਵਿੱਚ ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਕਿਸੇ ਵੀ ਜਨਤਕ ਸਿੱਖਿਆ ਏਜੰਸੀ ਦਾ ਵਰਣਨ ਕਰਨ ਲਈ ਕੀਤੀ ਗਈ ਹੈ। ਮੁਲਾਂਕਣ ਸ਼ਬਦ ਦੀ ਵਰਤੋਂ ਮੁਲਾਂਕਣ ਜਾਂ ਪਰੀਖਣ ਲਈ ਕੀਤੀ ਜਾਂਦੀ ਹੈ। ਇਸ ਪੂਰੀ ਸੂਚਨਾ ਵਿੱਚ ਫੈਡਰਲ ਅਤੇ ਰਾਜ ਕਾਨੂੰਨਾਂ ਨੂੰ ਅੰਗਰੇਜ਼ੀ ਦੇ ਸੰਖੇਪ ਰੂਪਾਂ ਦੀ ਵਰਤੋਂ ਕਰਦੇ ਹੋਏ ਹਵਾਲਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਇਸ ਸੂਚਨਾ ਦੇ ਅੰਤ ਵਿੱਚ ਇੱਕ ਸ਼ਬਦਾਵਲੀ ਵਿੱਚ ਵਿਆਖਿਆ ਕੀਤੀ ਗਈ ਹੈ।

### ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਸੂਚਨਾ ਕੀ ਹੈ?

ਇਹ ਜਾਣਕਾਰੀ ਤੁਹਾਨੂੰ 3 ਸਾਲ ਤੋਂ ਲੈ ਕੇ 21 ਸਾਲ ਦੀ ਉਮਰ ਤੱਕ ਦੇ ਅਪਾਹਜ ਬੱਚਿਆਂ ਦੇ ਮਾਤਾ-ਪਿਤਾ, ਕਾਨੂੰਨੀ ਸਰਪ੍ਰਸਤ, ਅਤੇ ਸਰੋਗੇਟ ਮਾਤਾ-ਪਿਤਾ ਦੇ ਤੌਰ ਅਤੇ ਸਾਲ ਦੀ ਉਮਰ ਤੱਕ ਪਹੁੰਚਣ ਵਾਲੇ ਵਿਦਿਆਰਥੀਆਂ ਨੂੰ ਤੁਹਾਡੇ ਸਿਖਿਅਕ ਅਧਿਕਾਰਾਂ ਜਾਂ ਪ੍ਰਕਿਰਿਆ ਸੰਬੰਧੀ ਸੁਰੱਖਿਆ ਦੇ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ।

ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਸੂਚਨਾ ਅਪਾਹਜਤਾ ਸਿੱਖਿਆ ਐਕਟ ਦੇ ਅਧੀਨ ਆਉਣ ਵਾਲੇ ਲੋਕ (Individuals with Disabilities Education Act, IDEA) ਲਈ ਲੋੜੀਂਦੀ ਹੈ ਅਤੇ ਇਹ ਤੁਹਾਨੂੰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ:

ਹਰੇਕ ਸਕੂਲ ਵਿੱਚ ਸਾਲ ਵਿੱਚ ਇੱਕ ਵਾਰੀ

- ਜਦੋਂ ਤੁਸੀਂ ਇੱਕ ਕਾਪੀ ਦੀ ਮੰਗ ਕਰਦੇ ਹੋ
- ਜਦੋਂ ਤੁਹਾਡੇ ਬੱਚੇ ਨੂੰ ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਦੇ ਮੁਲਾਂਕਣ ਲਈ ਰੈਫਰ ਕੀਤਾ ਜਾਂਦਾ ਹੈ
- ਹਰ ਵਾਰ ਜਦੋਂ ਤੁਹਾਨੂੰ ਆਪਣੇ ਬੱਚੇ ਦਾ ਮੁਲਾਂਕਣ ਕਰਨ ਲਈ ਮੁਲਾਂਕਣ ਯੋਜਨਾ ਦਿੱਤੀ ਜਾਂਦੀ ਹੈ
- ਇੱਕ ਸਕੂਲੀ ਸਾਲ ਵਿੱਚ ਪਹਿਲੀ ਰਾਜ ਸਥਿਤੀ ਜਾਂ ਉਚਿਤ ਪ੍ਰਕਿਰਿਆ ਦੀ ਸ਼ਿਕਾਇਤ ਪ੍ਰਾਪਤ ਹੋਣ 'ਤੇ, ਅਤੇ

- ਜਦੋਂ ਕਿਸੇ ਦੀ ਨਿਯੁਕਤੀ ਬਦਲਣ ਲਈ ਹਟਾਉਣ ਦਾ ਫੈਸਲਾ ਕੀਤਾ ਜਾਂਦਾ ਹੈ

ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਸੂਚਨਾ ਦੀ ਇੱਕ ਇਲੈਕਟ੍ਰਾਨਿਕ ਕਾਪੀ ਕੈਲੀਫੋਰਨੀਆ ਸਿੱਖਿਆ ਵਿਭਾਗ (California Department of Education, CDE), ਵਿਸ਼ੇਸ਼ ਸਿੱਖਿਆ ਪਰਿਵਾਰਕ ਸ਼ਮੂਲੀਅਤ ਅਤੇ ਭਾਈਵਾਲੀ ਦੇ ਵੈੱਬ ਪੇਜ https://www.cde.ca.gov/sp/se/fp/ ਤੇ ਪਾਈ ਜਾ ਸਕਦੀ ਹੈ।

(20 *ਸੰਯੁਕਤ ਰਾਜ ਕੋਡ* [*USC*] ਧਾਰਾ 1415[d]; 34 *ਫੈਡਰਲ ਨਿਯਮਾਂ ਦਾ ਕੋਡ* [*CFR*] ਧਾਰਾ 300.504; ਕੈਲੀਫੋਰਨੀਆ *ਸਿੱਖਿਆ ਕੋਡ* [*EC*] ਧਾਰਾ 56301[d] [2], *EC* ਧਾਰਾ 56321, ਅਤੇ *EC* ਧਾਰਾ 56341.1[g] [1])

# ਵਿਸ਼ਾ-ਸੂਚੀ

ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਸੂਚਨਾ ........ 1

ਸੰਸ਼ੋਧਿਤ ਮਾਰਚ 2024 ........ 1

ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਸੂਚਨਾ ਕੀ ਹੈ? ........ 1

IDEA ਕੀ ਹੈ? ........ 5

ਕੀ ਮੈਂ ਆਪਣੇ ਬੱਚੇ ਦੀ ਸਿੱਖਿਆ ਨਾਲ ਸੰਬੰਧਤ ਫੈਸਲਿਆਂ ਵਿੱਚ ਹਿੱਸਾ ਲੈ ਸਕਦਾ/ਸਕਦੀ ਹਾਂ? ........ 5

ਮੈਨੂੰ ਹੋਰ ਮਦਦ ਕਿੱਥੋਂ ਮਿਲ ਸਕਦੀ ਹੈ? ........ 5

ਜੇ ਮੇਰਾ ਬੱਚਾ ਬੋਲ਼ਾ, ਸੁਣਨ ਵਿੱਚ ਅਸਮਰੱਥ, ਦ੍ਰਿਸ਼ਟੀਹੀਨ, ਨੇਤਰਹੀਣ, ਜਾਂ ਬੋਲ਼ਾ-ਨੇਤਰਹੀਣ ਹੈ ਤਾਂ ਕੀ ਹੋਵੇਗਾ? ........ 6

ਸੂਚਨਾ, ਸਹਿਮਤੀ, ਮੁਲਾਂਕਣ, ਸਰੋਗੇਟ ਮਾਤਾ-ਪਿਤਾ ਨਾਲ ਮੁਲਾਕਾਤ, ਅਤੇ ਰਿਕਾਰਡਾਂ ਤੱਕ ਪਹੁੰਚ ........ 7

ਪੂਰਵ ਲਿਖਤ ਸੂਚਨਾ ........ 7

ਮਾਤਾ-ਪਿਤਾ ਦੀ ਸਹਿਮਤੀ ........ 8

ਸਰੋਗੇਟ ਮਾਤਾ-ਪਿਤਾ ਦੀ ਨਿਯੁਕਤੀ ........ 10

ਨਿਰਪੱਖ ਮੁਲਾਂਕਣ ........ 10

ਸੁਤੰਤਰ ਵਿਦਿਅਕ ਮੁਲਾਂਕਣ ........ 11

ਵਿਦਿਅਕ ਰਿਕਾਰਡ ਤੱਕ ਪਹੁੰਚ ........ 12

ਵਿਵਾਦਾਂ ਨੂੰ ਕਿਵੇਂ ਸੁਲਝਾਇਆ ਜਾਂਦਾ ਹੈ ........ 12

ਨਿਯਤ ਪ੍ਰਕਿਰਿਆ ਸੁਣਵਾਈ ........ 12

ਵਿਚੋਲਗੀ ਅਤੇ ਵਿਵਾਦ ਦਾ ਵਿਕਲਪਿਕ ਹੱਲ ........ 13

ਨਿਯਤ ਪ੍ਰਕਿਰਿਆ ਅਧਿਕਾਰ ........ 14

ਇੱਕ ਲਿਖਤ ਨਿਯਤ ਪ੍ਰਕਿਰਿਆ ਦੀ ਸ਼ਿਕਾਇਤ ਦਾਇਰ ਕਰਨਾ ........ 15

ਅਪਾਹਜ ਵਿਦਿਆਰਥੀਆਂ ਲਈ ਸਕੂਲ ਅਨੁਸ਼ਾਸਨ ਅਤੇ ਨਿਯੁਕਤੀ ਪ੍ਰਕਿਰਿਆਵਾਂ ........ 18

ਸਕੂਲੀ ਅਨੁਸ਼ਾਸਨ ਅਤੇ ਵਿਕਲਪਿਕ ਅੰਤਰਿਮ ਵਿਦਿਅਕ ਸੈਟਿੰਗ ........ 18

ਪ੍ਰਾਈਵੇਟ ਸਕੂਲ ਜਾਣ ਵਾਲੇ ਬੱਚੇ ........ 20

ਰਾਜ ਸ਼ਿਕਾਇਤ ਪ੍ਰਕਿਰਿਆਵਾਂ ........ 22

ਪਰਿਵਾਰਾਂ ਲਈ ਸਹਾਇਤਾ ........ 23

ਸੈਨੇਟ ਬਿੱਲ 511, ਪਰਿਵਾਰਕ ਸਸ਼ਕਤੀਕਰਨ ਕੇਂਦਰ ........ 23

ਇਸ ਸੂਚਨਾ ਵਿੱਚ ਵਰਤੇ ਗਏ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ ........ 30

## IDEA ਕੀ ਹੈ?

IDEA ਇੱਕ ਫੈਡਰਲ ਕਾਨੂੰਨ ਹੈ ਜਿਸਦੇ ਤਹਿਤ ਸਕੂਲ ਡਿਸਟ੍ਰਿਕਟ ਨੂੰ ਅਪਾਹਜਤਾ ਅਧੀਨ ਆਉਣ ਵਾਲੇ ਯੋਗ ਬੱਚਿਆਂ ਨੂੰ "ਮੁਫ਼ਤ ਉਚਿਤ ਜਨਤਕ ਸਿੱਖਿਆ" (Free Appropriate Public Education, FAPE) ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਮੁਫ਼ਤ ਉਚਿਤ ਜਨਤਕ ਸਿੱਖਿਆ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program, IEP) ਵਿੱਚ ਵਰਣਨ ਕੀਤੇ ਅਨੁਸਾਰ ਅਤੇ ਜਨਤਕ ਨਿਗਰਾਨੀ ਅਧੀਨ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਬਿਨਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀਆਂ ਜਾਣਗੀਆਂ।

## ਕੀ ਮੈਂ ਆਪਣੇ ਬੱਚੇ ਦੀ ਸਿੱਖਿਆ ਨਾਲ ਸੰਬੰਧਤ ਫੈਸਲਿਆਂ ਵਿੱਚ ਹਿੱਸਾ ਲੈ ਸਕਦਾ/ਸਕਦੀ ਹਾਂ?

ਤੁਹਾਨੂੰ ਆਪਣੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਨਾਲ ਸੰਬੰਧਤ ਕਿਸੇ ਵੀ ਫੈਸਲੇ ਲੈਣ ਵਾਲੀ ਬੈਠਕ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ  ਜਾਵੇਗਾ। ਤੁਹਾਨੂੰ ਆਪਣੇ ਬੱਚੇ ਦੀ ਪਛਾਣ (ਯੋਗਤਾ), ਮੁਲਾਂਕਣ, ਜਾਂ ਵਿਦਿਅਕ ਨਿਯੁਕਤੀ ਅਤੇ ਤੁਹਾਡੇ ਬੱਚੇ ਦੇ FAPE ਨਾਲ ਸਬੰਧਤ ਹੋਰ ਮਾਮਲਿਆਂ ਬਾਰੇ IEP ਟੀਮ ਦੀਆਂ ਬੈਠਕਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ। (20 *USC* ਧਾਰਾ 1414[d] [1]B–[d][1][D]; 34 *CFR* ਧਾਰਾ 300.321; *EC* ਧਾਰਾ 56341[b], ਅਤੇ *EC* ਧਾਰਾ 56343[c])

ਮਾਤਾ-ਪਿਤਾ ਜਾਂ ਸਰਪ੍ਰਸਤ, ਅਤੇ ਸਥਾਨਕ ਵਿਦਿਅਕ ਏਜੰਸੀ (Local Educational Agency, LEA), ਨੂੰ IEP ਦੇ ਵਿਕਾਸ ਵਿੱਚ ਹਿੱਸਾ ਲੈਣ ਅਤੇ IEP ਟੀਮ ਦੀਆਂ ਬੈਠਕਾਂ ਦੀ ਕਾਰਵਾਈ ਨੂੰ ਇਲੈਕਟ੍ਰਾਨਿਕ ਤੌਰ ਤੇ ਆਡੀਓ ਰਿਕਾਰਡ ਕਰਨ ਦੀ ਆਪਣੀ ਇੱਛਾ ਜ਼ਾਹਰ ਕਰਨ ਦਾ ਅਧਿਕਾਰ ਹੈ। ਬੈਠਕ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ, ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਬੈਠਕ ਰਿਕਾਰਡ ਕਰਨ ਦੀ ਆਪਣੀ ਇੱਛਾ ਦੇ ਬਾਰੇ IEP ਟੀਮ ਦੇ ਸਦੱਸਾਂ ਨੂੰ ਸੂਚਿਤ ਕਰਨਾ ਹੋਵੇਗਾ। ਜੇਕਰ ਮਾਤਾ-ਪਿਤਾ ਜਾਂ ਸਰਪ੍ਰਸਤ IEP ਬੈਠਕ ਦੀ ਰਿਕਾਰਡਿੰਗ ਕਰਨ ਵਾਲੀ LEA ਆਡੀਓਟੇਪ ਲਈ ਸਹਿਮਤੀ ਨਹੀਂ ਦਿੰਦੇ , ਤਾਂ ਬੈਠਕ ਨੂੰ ਇੱਕ ਆਡੀਓਟੇਪ ਰਿਕਾਰਡਰ ਤੇ ਰਿਕਾਰਡ ਨਹੀਂ ਕੀਤਾ ਜਾਵੇਗਾ।

ਤੁਹਾਡੇ ਅਧਿਕਾਰਾਂ ਵਿੱਚ FAPE ਦੀ ਉਪਲਬਧਤਾ ਬਾਰੇ ਜਾਣਕਾਰੀ ਹੈ, ਜਿਸ ਵਿੱਚ ਸਾਰੇ ਪ੍ਰੋਗਰਾਮ ਵਿਕਲਪ, ਅਤੇ ਸਾਰੇ ਉਪਲਬਧ ਵਿਕਲਪਕ ਪ੍ਰੋਗਰਾਮ, ਜਨਤਕ ਅਤੇ ਗੈਰ-ਜਨਤਕ, ਦੋਵੇਂ ਸ਼ਾਮਲ ਹਨ। (20 *USC* ਧਾਰਾ 1401[3], ਅਤੇ 1412[a][3]; 34 *CFR* ਧਾਰਾ 300.111; *EC* ਧਾਰਾਵਾਂ 56301, 56341.1[g][1], ਅਤੇ 56506)

## ਮੈਨੂੰ ਹੋਰ ਮਦਦ ਕਿੱਥੋਂ ਮਿਲ ਸਕਦੀ ਹੈ?

ਜਦੋਂ ਤੁਹਾਨੂੰ ਆਪਣੇ ਬੱਚੇ ਦੀ ਸਿੱਖਿਆ ਬਾਰੇ ਕੋਈ ਚਿੰਤਾ ਹੋਵੇ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਬੱਚੇ ਦੇ ਅਧਿਆਪਕ ਜਾਂ ਪ੍ਰਬੰਧਕ ਨਾਲ ਸੰਪਰਕ ਕਰਕੇ ਆਪਣੇ ਬੱਚੇ ਦੇ ਬਾਰੇ ਅਤੇ ਤੁਹਾਨੂੰ ਦਿਸਣ ਵਾਲੀਆਂ ਕਿਸੇ ਵੀ

ਸਮੱਸਿਆਵਾਂ ਬਾਰੇ ਗੱਲ ਕਰੋ। ਤੁਹਾਡੇ ਸਕੂਲ ਡਿਸਟ੍ਰਿਕਟ ਜਾਂ ਵਿਸ਼ੇਸ਼ ਸਿੱਖਿਆ ਸਥਾਨਕ ਯੋਜਨਾ ਖੇਤਰ (Special Education Local Plan Area, SELPA) ਦੇ ਕਰਮਚਾਰੀ ਤੁਹਾਡੇ ਬੱਚੇ ਦੀ ਸਿੱਖਿਆ, ਤੁਹਾਡੇ ਅਧਿਕਾਰਾਂ, ਅਤੇ ਪ੍ਰਕਿਰਿਆ ਸੰਬੰਧੀ ਸੁਰੱਖਿਆ ਬਾਰੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਇਸ ਤੋਂ ਅਲਾਵਾ, ਜਦੋਂ ਤੁਹਾਨੂੰ ਕੋਈ ਚਿੰਤਾ ਹੁੰਦੀ ਹੈ, ਤਾਂ ਇਹ ਅਣਉਪਚਾਰਕ ਗੱਲਾਂ-ਬਾਤਾਂ ਅਕਸਰ ਸਮੱਸਿਆਵਾਂ ਨੂੰ ਹੱਲ ਕਰਦੀਆਂ ਹਨ ਅਤੇ ਖੁੱਲ੍ਹੇ ਸੰਚਾਰ ਨੂੰ ਕਾਇਮ ਰੱਖਣ ਵਿੱਚ ਮਦਦ ਕਰਦੀਆਂ ਹਨ ।

ਤੁਸੀਂ ਪੂਰੇ ਰਾਜ ਵਿੱਚ ਸਥਿਤ ਅਪਾਹਜਤਾ ਤੇ ਪਰਿਵਾਰਕ ਸਸ਼ਕਤੀਕਰਨ ਕੇਂਦਰ (Family Empowerment Centers on Disability, FEC) ਜਾਂ ਮਾਤਾ-ਪਿਤਾ ਸਿਖਲਾਈ ਅਤੇ ਸੂਚਨਾ ਕੇਂਦਰ (Parent Training and Information Centers, PTIC) ਵਰਗੇ ਕੈਲੀਫੋਰਨੀਆ ਦੀਆਂ ਮੂਲ ਸੰਸਥਾਵਾਂ ਵਿੱਚੋਂ ਕਿਸੇ ਇੱਕ ਨਾਲ ਵੀ ਸੰਪਰਕ ਕਰ ਸਕਦੇ ਹੋ। ਇਹਨਾਂ ਸੰਗਠਨਾਂ ਦੀ ਸਥਾਪਨਾ ਵਿਦਿਅਕ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਮਾਤਾ-ਪਿਤਾ ਅਤੇ ਸਿੱਖਿਅਕਾਂ ਵਿੱਚਕਾਰ ਸਹਿਯੋਗ ਵਧਾਉਣ ਅਤੇ ਅਪਾਹਜ ਵਿਦਿਆਰਥੀਆਂ ਅਤੇ ਨੌਜਵਾਨ ਬਾਲਗਾਂ ਦੇ ਪਰਿਵਾਰਾਂ ਲਈ ਜਾਣਕਾਰੀ, ਸਿਖਲਾਈ ਅਤੇ ਵਾਧੂ ਸਰੋਤ ਪ੍ਰਦਾਨ ਕਰਨ ਲਈ ਕੀਤੀ ਗਈ ਸੀ। ਇਹਨਾਂ ਸੰਸਥਾਵਾਂ ਲਈ ਸੰਪਰਕ ਜਾਣਕਾਰੀ CDE, ਵਿਸ਼ੇਸ਼ ਸਿੱਖਿਆ ਕੈਲੀਫੋਰਨੀਆ ਮਾਤਾ-ਪਿਤਾ ਸੰਗਠਨ ਦੇ ਵੈੱਬਪੇਜ https://www.cde.ca.gov/sp/se/qa/caprntorg.asp ਤੇ ਉਪਲਬਧ ਹੈ।

ਪ੍ਰਕਿਰਿਆ ਸੰਬੰਧੀ ਸੁਰੱਖਿਆ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਸ ਦਸਤਾਵੇਜ਼ ਦੇ ਅੰਤ ਵਿੱਚ ਵਾਧੂ ਸਰੋਤ ਸੂਚੀਬੱਧ ਕੀਤੇ ਗਏ ਹਨ।

**ਜੇ ਮੇਰਾ ਬੱਚਾ ਬੋਲ਼ਾ, ਸੁਣਨ ਵਿੱਚ ਅਸਮਰੱਥ, ਦ੍ਰਿਸ਼ਟੀਹੀਨ, ਨੇਤਰਹੀਣ, ਜਾਂ ਬੋਲ਼ਾ-ਨੇਤਰਹੀਣ ਹੈ ਤਾਂ ਕੀ ਹੋਵੇਗਾ?**

ਰਾਜ ਵਿਸ਼ੇਸ਼ ਸਕੂਲ ਆਪਣੀ ਹਰੇਕ ਤਿੰਨ ਸੁਵਿਧਾਵਾਂ ਵਿੱਚ ਬੋਲ਼ੇ, ਸੁਣਨ ਤੋਂ ਅਸਮਰੱਥ, ਦ੍ਰਿਸ਼ਟੀਹੀਨ, ਨੇਤਰਹੀਣ, ਜਾਂ ਬੋਲ਼ੇ-ਨੇਤਰਹੀਣ ਵਿਦਿਆਰਥੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ: ਕੈਲੀਫੋਰਨੀਆ ਫਰੀਮਾਂਟ ਅਤੇ ਰਿਵਰਸਾਈਡ ਵਿੱਚ ਬੋਲ਼ਿਆਂ ਲਈ ਸਕੂਲ ਅਤੇ ਕੈਲੀਫੋਰਨੀਆ ਵਿਖੇ ਫਰੀਮਾਂਟ ਵਿੱਚ ਨੇਤਰਹੀਣਾਂ ਲਈ ਸਕੂਲ ਹੈ। ਦੋਵੇਂ ਬੋਲ਼ਿਆਂ ਲਈ ਰਾਜ ਸਕੂਲਾਂ ਵਿਖੇ ਬਚਪਨ ਤੋਂ ਲੈ ਕੇ 21 ਸਾਲ ਦੀ ਉਮਰ ਤੱਕ ਦੇ ਵਿਦਿਆਰਥੀਆਂ ਨੂੰ ਰਿਹਾਇਸ਼ੀ ਅਤੇ ਡੇਅ ਸਕੂਲ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਅਜਿਹੇ ਪ੍ਰੋਗਰਾਮ ਕੈਲੀਫੋਰਨੀਆ ਨੇਤਰਹੀਣਾਂ ਲਈ ਸਕੂਲ ਵਿਖੇ 5 ਤੋਂ 21 ਸਾਲ ਦੀ ਉਮਰ ਦੇ ਵਿਦਿਆਰਥੀਆਂ ਨੂੰ ਪੇਸ਼ ਕੀਤੇ ਜਾਂਦੇ ਹਨ। ਰਾਜ ਵਿਸ਼ੇਸ਼ ਸਕੂਲ ਮੁਲਾਂਕਣ ਸੇਵਾਵਾਂ ਅਤੇ ਤਕਨੀਕੀ ਸਹਾਇਤਾ ਵੀ ਪ੍ਰਦਾਨ ਕਰਦੇ ਹਨ। ਰਾਜ ਵਿਸ਼ੇਸ਼ ਸਕੂਲਾਂ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ CDE, ਰਾਜ ਵਿਸ਼ੇਸ਼ ਸਕੂਲਾਂ ਦੇ ਵੈੱਬ ਪੇਜ https://www.cde.ca.gov/sp/ss/index.asp ਤੇ ਜਾਓ, ਜਾਂ ਆਪਣੇ ਬੱਚੇ ਦੀ IEP ਟੀਮ ਦੇ ਸਦੱਸਾਂ ਤੋਂ ਵਧੇਰੀ ਜਾਣਕਾਰੀ ਬਾਰੇ ਪੁੱਛੋ।

# ਸੂਚਨਾ, ਸਹਿਮਤੀ, ਮੁਲਾਂਕਣ, ਸਰੋਗੇਟ ਮਾਤਾ-ਪਿਤਾ ਨਾਲ ਮੁਲਾਕਾਤ, ਅਤੇ ਰਿਕਾਰਡਾਂ ਤੱਕ ਪਹੁੰਚ

## ਪੂਰਵ ਲਿਖਤ ਸੂਚਨਾ

### ਸੂਚਨਾ ਦੀ ਲੋੜ ਕਦੋਂ ਹੁੰਦੀ ਹੈ?

ਇਹ ਸੂਚਨਾ ਉਦੋਂ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਸਕੂਲ ਡਿਸਟ੍ਰਿਕਟ ਵਿਸ਼ੇਸ਼ ਲੋੜਾਂ ਵਾਲੇ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਵਿਦਿਅਕ ਨਿਯੁਕਤੀ ਜਾਂ FAPE ਦੇ ਪ੍ਰਬੰਧ ਵਿੱਚ ਤਬਦੀਲੀ ਸ਼ੁਰੂ ਕਰਨ ਦਾ ਪ੍ਰਸਤਾਵ ਕਰਦਾ ਹੈ ਜਾਂ ਇਨਕਾਰ ਕਰਦਾ ਹੈ। (20 *USC* ਧਾਰਾ 1415[b][3] ਅਤੇ (4), 1415[c][1], ਅਤੇ 1414[b][1]; 34 *CFR* ਧਾਰਾ 300.503; *EC* ਧਾਰਾ 56329 ਅਤੇ 56506[a])

ਸਕੂਲ ਡਿਸਟ੍ਰਿਕਟ ਨੂੰ ਮੁਲਾਂਕਣ ਲਈ ਤੁਹਾਡੀ ਲਿਖਤੀ ਸੂਚਨਾ ਬੇਨਤੀ ਦੇ 15 ਦਿਨਾਂ ਦੇ ਅੰਦਰ ਇੱਕ ਲਿਖਤੀ ਸੂਚਨਾ ਜਾਂ ਮੁਲਾਂਕਣ ਯੋਜਨਾ ਵਿੱਚ ਤੁਹਾਡੇ ਬੱਚੇ ਦੇ ਪ੍ਰਸਤਾਵਿਤ ਮੁਲਾਂਕਣਾਂ ਬਾਰੇ ਤੁਹਾਨੂੰ ਸੂਚਿਤ ਕਰਨਾ ਹੋਵੇਗਾ। ਸੂਚਨਾ ਸਮਝਣ ਯੋਗ ਅਤੇ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦੇ ਦੂਜੇ ਢੰਗ ਵਿੱਚ ਹੋਣਾ ਚਾਹੀਦਾ ਹੈ, ਜਦੋਂ ਤੱਕ ਕਿ ਅਜਿਹਾ ਕਰਨਾ ਸਪੱਸ਼ਟ ਤੌਰ ਤੇ ਸੰਭਵ ਨਾ ਹੋਵੇ। (34 *CFR* ਧਾਰਾ 300.304; *EC* ਧਾਰਾ 56321)

### ਸੂਚਨਾ ਵਿੱਚ ਮੇਰੇ ਲਈ ਕੀ ਲਿਖੀਆਂ ਹੋਵੇਗਾ?

ਪਹਿਲਾਂ ਲਿਖਤ ਸੂਚਨਾ ਵਿੱਚ ਹੇਠ ਲਿਖਿਆਂ ਨੂੰ ਸ਼ਾਮਲ ਕਰਨਾ ਲਾਜ਼ਮੀ ਹੈ:

1. ਸਕੂਲ ਡਿਸਟ੍ਰਿਕਟ ਦੁਆਰਾ ਪ੍ਰਸਤਾਵਿਤ ਜਾਂ ਅਸਵੀਕਾਰ ਕੀਤੀਆਂ ਗਈਆਂ ਕਾਰਵਾਈਆਂ ਦਾ ਵੇਰਵਾ
2. ਇਸ ਗੱਲ ਦੀ ਵਿਆਖਿਆ ਕਿ ਕਾਰਵਾਈ ਕਿਉਂ ਪ੍ਰਸਤਾਵਿਤ ਕੀਤੀ ਗਈ ਜਾਂ ਕਿਉਂ ਇਨਕਾਰ ਕਰ ਦਿੱਤਾ ਗਿਆ ਸੀ
3. ਹਰੇਕ ਮੁਲਾਂਕਣ ਪ੍ਰਕਿਰਿਆ, ਰਿਕਾਰਡ, ਜਾਂ ਰਿਪੋਰਟ ਦਾ ਵੇਰਵਾ ਜਿਸਨੂੰ ਏਜੰਸੀ ਨੇ ਪ੍ਰਸਤਾਵਿਤ ਜਾਂ ਅਸਵੀਕਾਰ ਕੀਤੀ ਕਾਰਵਾਈ ਲਈ ਆਧਾਰ ਵਜੋਂ ਵਰਤਿਆ ਹੈ
4. ਇੱਕ ਬਿਆਨ ਕਿ ਅਪਾਹਜ ਬੱਚੇ ਦੇ ਮਾਤਾ-ਪਿਤਾ ਨੂੰ ਪ੍ਰਕਿਰਿਆ ਸੰਬੰਧੀ ਸੁਰੱਖਿਆ ਦੇ ਅਧੀਨ ਸੁਰੱਖਿਆ ਪ੍ਰਾਪਤ ਹੈ
5. ਇਸ ਭਾਗ ਦੇ ਪ੍ਰਬੰਧਾਂ ਨੂੰ ਸਮਝਣ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਮਾਤਾ-ਪਿਤਾ ਦੇ ਨਾਲ ਸੰਪਰਕ ਕਰਨ ਲਈ ਸਰੋਤ

6. ਹੋਰ ਵਿਕਲਪਾਂ ਦਾ ਵੇਰਵਾ ਜੋ IEP ਟੀਮ ਨੇ ਵਿਚਾਰਿਆ ਸੀ ਅਤੇ ਉਹਨਾਂ ਵਿਕਲਪਾਂ ਨੂੰ ਰੱਦ ਕਰਨ ਦੇ ਕਾਰਣ; ਅਤੇ
7. ਕਿਸੇ ਵੀ ਹੋਰ ਕਾਰਕਾਂ ਦਾ ਵੇਰਵਾ ਜੋ ਪ੍ਰਸਤਾਵਿਤ ਜਾਂ ਇਨਕਾਰ ਕੀਤੀ ਗਈ ਕਾਰਵਾਈ ਨਾਲ ਸੰਬੰਧਤ ਹਨ। (20 *USC* ਧਾਰਾਵਾਂ 1415[b][3] ਅਤੇ [4], 1415[c][1], ਅਤੇ 1414[b][1]; 34 *CFR* ਧਾਰਾ 300.503)

## ਮਾਤਾ-ਪਿਤਾ ਦੀ ਸਹਿਮਤੀ

### ਮੂਲਾਂਕਣ ਲਈ ਮੇਰੀ ਮਨਜ਼ੂਰੀ ਕਦੋਂ ਲੋੜੀਂਦੀ ਹੈ?

ਤੁਹਾਡੇ ਕੋਲ ਆਪਣੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਰੈਫਰ ਕਰਨ ਦਾ ਅਧਿਕਾਰ ਹੈ। ਤੁਹਾਨੂੰ ਆਪਣੇ ਬੱਚੇ ਦੇ ਪਹਿਲੇ ਵਿਸ਼ੇਸ਼ ਸਿੱਖਿਆ ਮੁਲਾਂਕਣ ਤੋਂ ਪਹਿਲਾਂ ਸੂਚਿਤ, ਲਿਖਤ ਸਹਿਮਤੀ ਦੇਣੀ ਹੋਵੇਗੀ। ਮਾਤਾ-ਪਿਤਾ ਕੋਲ ਪ੍ਰਸਤਾਵਿਤ ਮੁਲਾਂਕਣ ਯੋਜਨਾ ਪ੍ਰਾਪਤ ਕਰਨ ਤੋਂ ਫੈਸਲਾ ਕਰਨ ਲਈ ਘੱਟੋ-ਘੱਟ 15 ਦਿਨ ਹਨ। ਸਹਿਮਤੀ ਮਿਲਣ ਦੇ ਨਾਲ ਹੀ ਮੁਲਾਂਕਣ ਤੁਰੰਤ ਸ਼ੁਰੂ ਹੋ ਸਕਦਾ ਹੈ ਅਤੇ ਤੁਹਾਡੀ ਸਹਿਮਤੀ ਦੇ 60 ਦਿਨਾਂ ਦੇ ਅੰਦਰ ਮੁਲਾਂਕਣ ਪੂਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਇੱਕ IEP ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

### ਸੇਵਾਵਾਂ ਲਈ ਮੇਰੀ ਮਨਜ਼ੂਰੀ ਕਦੋਂ ਲੋੜੀਂਦੀ ਹੈ?

ਤੁਹਾਨੂੰ ਆਪਣੇ ਸਕੂਲ ਡਿਸਟ੍ਰਿਕਟ ਨੂੰ ਆਪਣੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਸੂਚਿਤ, ਲਿਖਤ ਸਹਿਮਤੀ ਦੇਣੀ ਹੋਵੇਗੀ।

### ਜਦੋਂ ਮਾਤਾ-ਪਿਤਾ ਸਹਿਮਤੀ ਨਹੀਂ ਦਿੰਦੇ ਤਾਂ ਕੀ ਕਾਰਵਾਈ  ਹੁੰਦੀ ਹੈ?

ਜੇ ਤੁਸੀਂ ਸ਼ੁਰੂਆਤੀ ਮੁਲਾਂਕਣ ਲਈ ਸਹਿਮਤੀ ਨਹੀਂ ਦਿੰਦੇ ਜਾਂ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਸਕੂਲ ਡਿਸਟ੍ਰਿਕਟ ਸ਼ੁਰੂਆਤੀ ਮੁਲਾਂਕਣ ਨੂੰ ਜਾਰੀ ਰੱਖਣ ਲਈ ਉਚਿਤ ਕਾਰਵਾਈਆਂ ਦੀ ਵਰਤੋਂ ਕਰ ਸਕਦਾ ਹੈ।

ਜੇ ਤੁਸੀਂ ਸੇਵਾਵਾਂ ਦੀ ਸ਼ੁਰੂਆਤ ਲਈ ਸਹਿਮਤੀ ਤੋਂ ਇਨਕਾਰ ਕਰਦੇ ਹੋ, ਤਾਂ ਸਕੂਲ ਡਿਸਟ੍ਰਿਕਟ ਵਿਸ਼ੇਸ਼ ਸਿੱਖਿਆ ਅਤੇ ਸੰਬੰਧਤ ਸੇਵਾਵਾਂ ਪ੍ਰਦਾਨ ਨਹੀਂ ਕਰ ਕਰੇਗਾ ਅਤੇ ਉਚਿਤ ਕਾਰਵਾਈਆਂ ਰਾਹੀਂ ਸੇਵਾਵਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ।

ਜੇ ਤੁਸੀਂ ਆਪਣੇ ਬੱਚੇ ਲਈ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਲਈ ਲਿਖਤ ਸਹਿਮਤੀ ਦਿੰਦੇ ਹੋ, ਲੇਕਿਨ IEP ਦੇ ਸਾਰੇ ਭਾਗਾਂ ਲਈ ਸਹਿਮਤੀ ਨਹੀਂ ਦਿੰਦੇ, ਤਾਂ ਪ੍ਰੋਗਰਾਮ ਦੇ ਉਹਨਾਂ ਭਾਗਾਂ ਨੂੰ ਜਿਨ੍ਹਾਂ ਲਈ ਤੁਸੀਂ ਸਹਿਮਤੀ ਦਿੱਤੀ ਹੈ, ਬਿਨਾਂ ਕਿਸੇ ਦੇਰੀ ਤੋਂ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਜੇਕਰ ਸਕੂਲ ਡਿਸਟ੍ਰਿਕਟ ਇਹ ਨਿਰਧਾਰਿਤ ਕਰਦਾ ਹੈ ਕਿ ਪ੍ਰਸਤਾਵਿਤ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਦਾ ਭਾਗ, ਜਿਸ ਲਈ ਤੁਸੀਂ ਸਹਿਮਤੀ ਨਹੀਂ ਦਿੰਦੇ, ਤੁਹਾਡੇ ਬੱਚੇ ਨੂੰ FAPE ਪ੍ਰਦਾਨ ਕਰਨ ਲਈ ਜ਼ਰੂਰੀ ਹੈ, ਤਾਂ ਇਸ ਲਈ ਇੱਕ ਉਚਿਤ ਸੁਣਵਾਈ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਜੇਕਰ ਇੱਕ ਉਚਿਤ ਸੁਣਵਾਈ ਕੀਤੀ ਜਾਂਦੀ ਹੈ, ਤਾਂ ਸੁਣਵਾਈ ਦਾ ਫੈਸਲਾ ਅੰਤਮ ਅਤੇ ਬੱਝਵਾਂ ਹੋਵੇਗਾ।

ਮੁੜ-ਮੁਲਾਂਕਣ ਦੇ ਮਾਮਲੇ ਵਿੱਚ, ਸਕੂਲ ਡਿਸਟ੍ਰਿਕਟ ਨੂੰ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਲਈ ਵਾਜਬ ਉਪਾਅ ਸੰਬੰਧੀ ਦਸਤਾਵੇਜ਼ ਤਿਆਰ ਕਰਨੇ ਚਾਹੀਦੇ ਹਨ। ਜੇ ਤੁਸੀਂ ਜਵਾਬ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਸਕੂਲ ਡਿਸਟ੍ਰਿਕਟ ਤੁਹਾਡੀ ਸਹਿਮਤੀ ਤੋਂ ਬਿਨਾਂ ਮੁੜ-ਮੁਲਾਂਕਣ ਜਾਰੀ ਰੱਖ ਸਕਦਾ ਹੈ। (20 *USC* ਧਾਰਾਵਾਂ 1414[a][1][D] ਅਤੇ 1414[c]; 34 *CFR* ਧਾਰਾ 300.300; *EC* ਧਾਰਾਵਾਂ 56506[e], 56321[c] ਅਤੇ [d], ਅਤੇ 56346).

**ਮੈਂ ਸਹਿਮਤੀ ਕਦੋਂ ਵਾਪਸ ਲੈ ਸਕਦਾ/ਸਕਦੀ ਹਾਂ?**

ਜੇਕਰ ਕਿਸੇ ਵੀ ਸਮੇਂ ਸ਼ੁਰੂਆਤੀ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਦੀ ਪ੍ਰਦਾਨਗੀ ਤੋਂ ਬਾਅਦ, ਬੱਚੇ ਦੇ ਮਾਤਾ-ਪਿਤਾ ਲਿਖਤੀ ਰੂਪ ਵਿੱਚ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਦੀ ਨਿਰੰਤਰ ਪ੍ਰਦਾਨਗੀ ਲਈ ਸਹਿਮਤੀ ਵਾਪਸ ਲੈਂਦੇ ਹਨ, ਤਾਂ ਜਨਤਕ ਏਜੰਸੀ:

1. ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਨਹੀਂ ਰੱਖ ਸਕਦੀ, ਅਜਿਹੀਆਂ ਸੇਵਾਵਾਂ ਨੂੰ ਬੰਦ ਕਰਨ ਤੋਂ ਪਹਿਲਾਂ 34 *CFR* ਧਾਰਾ 300.503 ਦੇ ਅਨੁਸਾਰ ਪੂਰਵ ਲਿਖਤ ਸੂਚਨਾ ਦੇਣਾ ਲਾਜ਼ਮੀ ਹੈ
2. ਸਮਝੌਤੇ ਜਾਂ ਫੈਸਲੇ ਪ੍ਰਾਪਤ ਕਰਨ ਲਈ ਭਾਗ 300 34 *CFR* ਦੇ ਅਪ-ਭਾਗ E (34 *CFR* ਧਾਰਾ 300.506 ਦੇ ਅਧੀਨ ਵਿਚੋਲਗੀ ਦੀਆਂ ਪ੍ਰਕਿਰਿਆਵਾਂ ਜਾਂ 34 *CFR* ਧਾਰਾ 300.507 ਤੋਂ 300.516 ਦੇ ਤਹਿਤ ਬਣਦੀ ਉਚਿਤ ਪ੍ਰਕਿਰਿਆਵਾਂ ਸਮੇਤ) ਵਿੱਚ ਪ੍ਰਕਿਰਿਆਵਾਂ ਦੀ ਵਰਤੋਂ ਨਹੀਂ ਕਰ ਸਕਦੀ ਹੈ ਕਿ ਬੱਚੇ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ
3. ਨੂੰ ਬੱਚੇ ਨੂੰ ਹੋਰ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਦੇ ਕਾਰਨ ਬੱਚੇ ਨੂੰ ਇੱਕ FAPE ਉਪਲਬਧ ਕਰਾਉਣ ਦੀ ਲੋੜ ਦੀ ਉਲੰਘਣਾ ਵਿੱਚ ਨਹੀਂ ਮੰਨਿਆ ਜਾਵੇਗਾ।

4. ਨੂੰ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਦੇ ਹੋਰ ਪ੍ਰਬੰਧਾਂ ਲਈ ਬੱਚੇ ਲਈ 34 *CFR* ਧਾਰਾਵਾਂ 300.320 ਅਤੇ 300.324 ਦੇ ਤਹਿਤ IEP ਟੀਮ ਦੀ ਬੈਠਕ ਬੁਲਾਉਣ ਜਾਂ IEP ਵਿਕਸਿਤ ਕਰਨ ਦੀ ਲੋੜ ਨਹੀਂ ਹੈ।

ਕਿਰਪਾ ਕਰਕੇ ਨੋਟ ਕਰੋ, 34 *CFR* ਧਾਰਾ 300.9 (c)(3) ਦੇ ਅਨੁਸਾਰ, ਕਿ ਜੇਕਰ ਮਾਤਾ-ਪਿਤਾ ਆਪਣੇ ਬੱਚੇ ਲਈ ਵਿਸ਼ੇਸ਼ ਸਿੱਖਿਆ ਸੇਵਾਵਾਂ ਦੀ ਪ੍ਰਦਾਨਗੀ ਦੇ ਬਾਅਦ ਲਿਖਤੀ ਰੂਪ ਵਿੱਚ ਸਹਿਮਤੀ ਵਾਪਸ ਲੈਂਦੇ ਹਨ, ਤਾਂ ਜਨਤਕ ਏਜੰਸੀ ਨੂੰ ਸਹਿਮਤੀ ਵਾਪਸ ਲੈਣ ਕਾਰਨ ਬੱਚੇ ਦੇ ਸਿੱਖਿਆ ਰਿਕਾਰਡ ਤੋਂ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਦੀ ਪ੍ਰਦਾਨਗੀ ਦੀਆਂ  ਕਿਸੇ ਵੀ ਰਿਪੋਰਟ ਨੂੰ ਸੰਸ਼ੋਧਿਤ ਕਰਨ ਦੀ ਲੋੜ ਨਹੀਂ ਹੈ।

**ਸਰੋਗੇਟ ਮਾਤਾ-ਪਿਤਾ ਦੀ ਨਿਯੁਕਤੀ**

**ਜੇਕਰ ਮਾਤਾ-ਪਿਤਾ ਦੀ ਪਛਾਣ ਨਹੀਂ ਕੀਤੀ ਜਾ ਸਕਦੀ ਜਾਂ ਉਹ ਨਹੀਂ ਮਿਲ ਰਹੇ, ਤਾਂ ਕੀ ਕੀਤਾ ਜਾਵੇ?**

ਜਦੋਂ ਮਾਤਾ-ਪਿਤਾ ਦੀ ਪਛਾਣ ਨਹੀਂ ਕੀਤੀ ਜਾ ਸਕਦੀ ਅਤੇ ਸਕੂਲ ਜ਼ਿਲ੍ਹਾ ਮਾਤਾ-ਪਿਤਾ ਦਾ ਪਤਾ ਨਹੀਂ ਲਗਾ ਸਕਦਾ, ਤਾਂ ਸਕੂਲ ਡਿਸਟ੍ਰਿਕਟ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇੱਕ ਵਿਅਕਤੀ ਨੂੰ ਅਪਾਹਜ ਬੱਚੇ ਦੇ ਮਾਤਾ-ਪਿਤਾ ਲਈ ਇੱਕ ਸਰੋਗੇਟ ਮਾਤਾ ਜਾਂ ਪਿਤਾ ਵਜੋਂ ਕੰਮ ਕਰਨ ਲਈ ਨਿਯੁਕਤ ਕੀਤਾ ਜਾਵੇ।

ਇੱਕ ਸਰੋਗੇਟ ਮਾਤਾ ਪਿਤਾ ਨੂੰ ਉਦੋਂ ਵੀ ਨਿਯੁਕਤ ਕੀਤਾ ਜਾ ਸਕਦਾ ਹੈ ਜੇਕਰ ਬੱਚਾ ਇੱਕ ਇਕੱਲਾ ਰਹਿ ਰਿਹਾ ਬੇਘਰ ਨੌਜਵਾਨ ਹੈ, ਇੱਕ ਨਿਰਣਾਇਕ ਜਾਂ ਰਾਜ ਭਲਾਈ ਅਤੇ ਸੰਸਥਾਨ ਸੰਹਿਤਾ ਦੇ ਤਹਿਤ ਅਦਾਲਤ ਦਾ ਨਿਰਭਰ ਹੈ ਜਾਂ ਵਾਰਡ ਹੈ, ਅਤੇ ਉਸਨੂੰ ਵਿਸ਼ੇਸ਼ ਸਿੱਖਿਆ ਲਈ ਸੰਦਰਭਿਤ ਕੀਤਾ ਜਾਂਦਾ ਹੈ ਜਾਂ ਪਹਿਲਾਂ ਤੋਂ ਹੀ ਇੱਕ IEP ਹੈ। (20 *USC* ਧਾਰਾ 1415[b][2]; 34 *CFR* ਧਾਰਾ 300.519; *EC* ਧਾਰਾ 56050; *ਸਰਕਾਰੀ ਸੰਹਿਤਾ* ਧਾਰਾ 7579.5 and 7579.6)

**ਨਿਰਪੱਖ ਮੁਲਾਂਕਣ**

**ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਮੇਰੇ ਬੱਚੇ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?**

ਤੁਹਾਡੇ ਬੱਚੇ ਨੂੰ ਸ਼ੱਕੀ ਅਪਾਹਜਤਾ ਦੇ ਸਾਰੇ ਖੇਤਰਾਂ ਵਿੱਚ ਮੁਲਾਂਕਣ ਕਰਵਾਉਣ ਦਾ ਅਧਿਕਾਰ ਹੈ। ਮੁਲਾਂਕਣ ਅਤੇ ਨਿਯੁਕਤੀ ਲਈ ਵਰਤੀਆਂ ਜਾਣ ਵਾਲੀਆਂ ਸਮੱਗਰੀਆਂ ਅਤੇ ਪ੍ਰਕਿਰਿਆਵਾਂ ਨਸਲੀ, ਸੱਭਿਆਚਾਰਕ, ਜਾਂ ਜਿਨਸੀ ਤੌਰ ਤੇ ਵਿਤਕਰਾ ਕਰਨ ਵਾਲੀਆਂ ਨਹੀਂ ਹੋਣੀਆਂ ਚਾਹੀਦੀਆਂ ਹਨ।

ਮੁਲਾਂਕਣ ਸਮੱਗਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਅਤੇ ਪਰੀਖਿਆ ਤੁਹਾਡੇ ਬੱਚੇ ਦੀ ਮੂਲ ਭਾਸ਼ਾ ਜਾਂ ਸੰਚਾਰ ਮਾਧਿਅਮ ਵਿੱਚ, ਅਤੇ ਇੱਕ ਅਜਿਹੇ ਰੂਪ ਵਿੱਚ ਜੋ ਬੱਚੇ ਨੂੰ ਵਿਦਿਅਕ, ਵਿਕਾਸ ਅਤੇ ਕਾਰਜਸ਼ੀਲ ਤੌਰ ਤੇ ਕੀ ਜਾਣਦਾ ਹੈ ਅਤੇ ਕੀ ਕਰਦਾ ਹੈ, ਇਸ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨ ਦੀ ਸੰਭਾਵਨਾ ਹੈ, ਦੇ ਤੌਰ ਤੇ ਆਯੋਜਿਤ ਕੀਤੀ ਜਾਣੀ ਚਾਹੀਦੀ ਹੈ, ਜਦੋਂ ਤੱਕ ਅਜਿਹਾ ਪ੍ਰਦਾਨ ਕਰਨਾ ਜਾਂ ਆਯੋਜਿਤ ਕਰਨਾ ਸੰਭਵ ਨਾ ਹੋਵੇ।

ਤੁਹਾਡੇ ਬੱਚੇ ਲਈ ਯੋਗਤਾ ਨਿਰਧਾਰਤ ਕਰਨ ਅਤੇ FAPE ਵਿਕਸਿਤ ਕਰਨ ਲਈ ਕੋਈ ਵੀ ਇੱਕ ਪ੍ਰਕ੍ਰਿਆ ਇੱਕ ਮਾਤਰ ਮਾਪਦੰਡ ਨਹੀਂ ਹੋ ਸਕਦੀ। (20 *USC* ਧਾਰਾਵਾਂ 1414[b][1]–[3], 1412[a][6][B]; 34 *CFR* ਧਾਰਾ 300.304; *EC* ਧਾਰਾਵਾਂ 56001[j] ਅਤੇ 56320)

## ਸੁਤੰਤਰ ਵਿਦਿਅਕ ਮੁਲਾਂਕਣ

### ਕੀ ਮੇਰੇ ਬੱਚੇ ਦਾ ਜ਼ਿਲ੍ਹੇ ਦੇ ਖਰਚੇ ਤੇ ਸੁਤੰਤਰ ਤੌਰ ਤੇ ਟੈਸਟ ਕੀਤਾ ਜਾ ਸਕਦਾ ਹੈ?

ਜੇਕਰ ਤੁਸੀਂ ਸਕੂਲ ਡਿਸਟ੍ਰਿਕਟ ਦੁਆਰਾ ਕੀਤੇ ਮੁਲਾਂਕਣ ਦੇ ਨਤੀਜਿਆਂ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਸਰਕਾਰੀ ਖਰਚੇ ਤੇ ਮੂਲਾਂਕਣ ਕਰਨ ਲਈ ਇੱਕ ਯੋਗ ਵਿਅਕਤੀ ਤੋਂ ਆਪਣੇ ਬੱਚੇ ਲਈ ਇੱਕ ਸੁਤੰਤਰ ਵਿਦਿਅਕ ਮੁਲਾਂਕਣ ਮੰਗਣ ਅਤੇ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਹਰ ਵਾਰ ਜਦੋਂ ਜਨਤਕ ਏਜੰਸੀ ਕੋਈ ਅਜਿਹਾ ਮੁਲਾਂਕਣ ਕਰਦੀ ਹੈ, ਜਿਸ ਨਾਲ ਮਾਤਾ-ਪਿਤਾ ਅਸਹਿਮਤ ਹੁੰਦੇ ਹਨ, ਤਾਂ ਮਾਤਾ-ਪਿਤਾ ਜਨਤਕ ਖਰਚੇ ਤੇ ਸਿਰਫ਼ ਇੱਕ ਸੁਤੰਤਰ ਵਿਦਿਅਕ ਮੁਲਾਂਕਣ ਦੇ ਹੱਕਦਾਰ ਹੁੰਦੇ ਹਨ।

ਸਕੂਲ ਡਿਸਟ੍ਰਿਕਟ ਨੂੰ ਇੱਕ ਸੁਤੰਤਰ ਵਿਦਿਅਕ ਮੁਲਾਂਕਣ ਲਈ ਤੁਹਾਡੀ ਬੇਨਤੀ ਦਾ ਜਵਾਬ ਦੇਣਾ ਹੋਵੇਗਾ ਅਤੇ ਤੁਹਾਨੂੰ ਇੱਕ ਸੁਤੰਤਰ ਵਿਦਿਅਕ ਮੁਲਾਂਕਣ ਕਿੱਥੇ ਪ੍ਰਾਪਤ ਕਰਨਾ ਹੈ, ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਹੋਵੇਗੀ।

ਜੇਕਰ ਸਕੂਲ ਡਿਸਟ੍ਰਿਕਟ ਦਾ ਮੰਨਣਾ ਹੈ ਕਿ ਡਿਸਟ੍ਰਿਕਟ ਦਾ ਮੁਲਾਂਕਣ ਉਚਿਤ ਹੈ ਅਤੇ ਇਸ ਗੱਲ ਨਾਲ ਅਸਹਿਮਤ ਹੈ ਕਿ ਇੱਕ ਸੁਤੰਤਰ ਮੁਲਾਂਕਣ ਜ਼ਰੂਰੀ ਹੈ, ਤਾਂ ਸਕੂਲ ਡਿਸਟ੍ਰਿਕਟ ਨੂੰ ਇਹ ਸਾਬਤ ਕਰਨ ਲਈ ਇੱਕ ਉਚਿਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਕਰਨੀ ਚਾਹੀਦੀ ਹੈ ਕਿ ਉਸਦਾ ਮੁਲਾਂਕਣ ਢੁਕਵਾਂ ਸੀ। ਜੇਕਰ ਜ਼ਿਲ੍ਹਾ ਸਹੀ ਹੈ, ਤਾਂ ਵੀ ਤੁਹਾਡੇ ਕੋਲ ਇੱਕ ਸੁਤੰਤਰ ਮੁਲਾਂਕਣ ਕਰਨ ਦਾ ਅਧਿਕਾਰ ਹੈ ਪਰ ਜਨਤਕ ਖਰਚੇ ਤੇ ਨਹੀਂ। IEP ਟੀਮ ਨੂੰ ਸਵਤੰਤਰ ਮੂਲਾਂਕਣਾਂ ਦਾ ਵੀ ਵਿਚਾਰ ਕਰਨਾ ਚਾਹੀਦਾ ਹੈ।

ਜ਼ਿਲ੍ਹਾ ਮੁਲਾਂਕਣ ਪ੍ਰਕਿਰਿਆਵਾਂ ਵਿਦਿਆਰਥੀਆਂ ਦੀ ਕਲਾਸ ਵਿਚ ਨਿਰੀਖਣ ਦੀ ਇਜਾਜ਼ਤ ਦਿੰਦਾ ਹੈ । ਜੇਕਰ ਸਕੂਲ ਡਿਸਟ੍ਰਿਕਟ ਮੁਲਾਂਕਣ ਦੇ ਦੌਰਾਨ ਤੁਹਾਡੇ ਬੱਚੇ ਦੀ ਉਸਦੇ ਕਲਾਸਰੂਮ ਵਿੱਚ ਨਿਗਰਾਨੀ ਕਰਦਾ ਹੈ, ਜਾਂ ਜੇਕਰ ਸਕੂਲ

ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਦੀ ਨਿਗਰਾਨੀ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ, ਤਾਂ ਇੱਕ ਸੁਤੰਤਰ ਵਿਦਿਅਕ ਮੁਲਾਂਕਣ ਕਰਨ ਵਾਲੇ ਵਿਅਕਤੀ ਨੂੰ ਵੀ ਤੁਹਾਡੇ ਬੱਚੇ ਨੂੰ ਕਲਾਸਰੂਮ ਵਿੱਚ ਨਿਗਰਾਨੀ ਕਰਨ ਦੀ ਮਨਜ਼ੂਰੀ ਦਿੱਤੀ ਜਾਣੀ ਜਾਵੇਗੀ।

ਜੇਕਰ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਲਈ ਇੱਕ ਨਵੀਂ ਸਕੂਲ ਸੈਟਿੰਗ ਦਾ ਪ੍ਰਸਤਾਵ ਦਿੰਦਾ ਹੈ ਅਤੇ ਇੱਕ ਸੁਤੰਤਰ ਵਿੱਦਿਅਕ ਮੁਲਾਂਕਣ ਆਯੋਜਿਤ ਕੀਤਾ ਜਾ ਰਿਹਾ ਹੈ, ਤਾਂ ਸੁਤੰਤਰ ਮੁਲਾਂਕਣਕਰਤਾ ਨੂੰ ਪਹਿਲਾਂ ਪ੍ਰਸਤਾਵਿਤ ਨਵੀਂ ਸੈਟਿੰਗ ਦਾ ਨਿਰੀਖਣ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।(20 *USC* ਧਾਰਾਵਾਂ 1415[b][1] ਅਤੇ [d][2][A]; 34 *CFR* ਧਾਰਾ 300.502; *EC* ਧਾਰਾ 56329[b] ਅਤੇ [c])

### ਵਿਦਿਅਕ ਰਿਕਾਰਡ ਤੱਕ ਪਹੁੰਚ

#### ਕੀ ਮੈਂ ਆਪਣੇ ਬੱਚੇ ਦੇ ਸਿੱਖਿਆ ਰਿਕਾਰਡਾਂ ਦੀ ਜਾਂਚ ਕਰ ਸਕਦਾ/ਸਕਦੀ ਹਾਂ?

ਤੁਹਾਨੂੰ ਬੇਲੋੜੀ ਦੇਰੀ ਤੋਂ ਬਿਨਾਂ, ਆਪਣੇ ਬੱਚੇ ਦੇ ਸਾਰੇ ਸਿੱਖਿਆ ਰਿਕਾਰਡਾਂ ਦੀ ਜਾਂਚ ਕਰਨ ਅਤੇ ਸਮੀਖਿਆ ਕਰਨ ਦਾ ਅਧਿਕਾਰ ਹੈ, ਜਿਸ ਵਿੱਚ ਤੁਹਾਡੇ ਬੱਚੇ ਦੇ IEP ਬਾਰੇ ਬੈਠਕ ਤੋਂ ਪਹਿਲਾਂ ਜਾਂ ਉਚਿਤ ਪ੍ਰਕਿਰਿਆ ਦੀ ਸੁਣਵਾਈ ਤੋਂ ਪਹਿਲਾਂ ਦੀ ਜਾਂਚ ਸ਼ਾਮਲ ਹੈ। ਜੇਕਰ ਬੇਨਤੀ ਕੀਤੀ ਜਾਂਦੀ ਹੈ, ਤਾਂ ਜ਼ੁਬਾਨੀ ਜਾਂ ਲਿਖਤੀ ਤੌਰ ਤੇ ਬੇਨਤੀ ਕੀਤੇ ਜਾਣ ਤੋਂ ਬਾਅਦ ਪੰਜ **ਕਾਰੋਬਾਰੀ** ਦਿਨਾਂ ਦੇ ਅੰਦਰ, ਸਕੂਲ ਡਿਸਟ੍ਰਿਕਟ ਨੂੰ ਰਿਕਾਰਡਾਂ ਅਤੇ ਕਾਪੀਆਂ ਤੱਕ ਪਹੁੰਚ ਪ੍ਰਦਾਨ ਕਰਨੀ ਹੋਵੇਗੀ। (*EC* ਧਾਰਾਵਾਂ 49060, 56043[n], 56501[b][3], ਅਤੇ 56504)

## ਵਿਵਾਦਾਂ ਨੂੰ ਕਿਵੇਂ ਸੁਲਝਾਇਆ ਜਾਂਦਾ ਹੈ

### ਨਿਯਤ ਪ੍ਰਕਿਰਿਆ ਸੁਣਵਾਈ

#### ਨਿਯਤ ਪ੍ਰਕਿਰਿਆ ਸੁਣਵਾਈ ਕਦੋਂ ਉਪਲਬਧ ਹੁੰਦੀ ਹੈ?

ਤੁਹਾਨੂੰ ਆਪਣੇ ਬੱਚੇ ਦੀ ਪਛਾਣ, ਮੁਲਾਂਕਣ, ਅਤੇ ਵਿਦਿਅਕ ਨਿਯੁਕਤੀ ਜਾਂ FAPE ਦੇ ਪ੍ਰਬੰਧ ਦੇ ਸੰਬੰਧ ਵਿੱਚ ਇੱਕ ਨਿਰਪੱਖ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਨਿਯਤ ਪ੍ਰਕਿਰਿਆ ਸੁਣਵਾਈ ਲਈ ਬੇਨਤੀ ਉਸ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਦਾਇਰ ਕੀਤੀ ਜਾਣੀ ਚਾਹੀਦੀ ਹੈ ਜਿਸ ਮਿਤੀ ਤੋਂ ਤੁਸੀਂ ਕਾਠੀ ਕਾਰਵਾਈ ਬਾਰੇ ਜਾਣਦੇ ਸੀ ਜਾਂ ਜਾਣਨਾ ਚਾਹੀਦਾ ਸੀ ਜੋ ਨਿਯਤ ਪ੍ਰਕਿਰਿਆ ਸ਼ਿਕਾਇਤ ਦਾ ਅਧਾਰ ਬਣਦੀ ਹੈ। (20 *USC* ਧਾਰਾ 1415[b][6]; 34 *CFR* ਧਾਰਾ 300.507; *EC* ਧਾਰਾਵਾਂ 56501 ਅਤੇ 56505[l])

## ਵਿਚੋਲਗੀ ਅਤੇ ਵਿਵਾਦ ਦਾ ਵਿਕਲਪਿਕ ਹੱਲ

### ਕੀ ਮੈਂ ਵਿਵਾਦ ਨੂੰ ਸੁਲਝਾਉਣ ਲਈ ਵਿਚੋਲਗੀ ਜਾਂ ਵਿਕਲਪਕ ਤਰੀਕੇ ਦੀ ਬੇਨਤੀ ਕਰ ਸਕਦਾ/ਸਕਦੀ ਹਾਂ?

ਵਿਚੋਲਗੀ ਦੀ ਬੇਨਤੀ ਜਾਂ ਤਾਂ ਨਿਯਤ ਪ੍ਰਕਿਰਿਆ ਦੀ ਸੁਣਵਾਈ ਲਈ ਬੇਨਤੀ ਕੀਤੇ ਜਾਣ ਤੋਂ ਪਹਿਲਾਂ ਜਾਂ ਬਾਅਦ ਵਿਚ ਕੀਤੀ ਜਾ ਸਕਦੀ ਹੈ।

ਤੁਸੀਂ ਸਕੂਲ ਡਿਸਟ੍ਰਿਕਟ ਨੂੰ ਵਿਚੋਲਗੀ ਜਾਂ ਵਿਕਲਪਕ ਵਿਵਾਦ ਹੱਲ (Alternative Dispute Resolution, ADR) ਦੁਆਰਾ ਵਿਵਾਦਾਂ ਨੂੰ ਹੱਲ ਕਰਨ ਲਈ ਕਹਿ ਸਕਦੇ ਹੋ, ਜੋ ਕਿ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਨਾਲੋਂ ਘੱਟ ਪ੍ਰਤਿਕੂਲ ਹੈ। ADR ਅਤੇ ਵਿਚੋਲਗੀ ਕਿਸੇ ਵਿਵਾਦ ਨੂੰ ਸੁਲਝਾਉਣ ਦੇ ਸਵੈ-ਇੱਛਤ ਤਰੀਕੇ ਹਨ ਅਤੇ ਕਿਸੇ ਨਿਯਤ ਪ੍ਰਕਿਰਿਆ ਸੁਣਵਾਈ ਦੇ ਤੁਹਾਡੇ ਹੱਕ ਵਿੱਚ ਦੇਰੀ ਕਰਨ ਲਈ ਇਹਨਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

### ਸੁਣਵਾਈ ਤੋਂ ਪਹਿਲਾਂ ਦੀ ਵਿਚੋਲਗੀ ਕਾਨਫਰੰਸ ਕੀ ਹੈ?

ਤੁਸੀਂ ਇੱਕ ਨਿਯਤ ਪ੍ਰਕਿਰਿਆ ਦੀ ਸੁਣਵਾਈ ਲਈ ਬੇਨਤੀ ਦਾਇਰ ਕਰਨ ਤੋਂ ਪਹਿਲਾਂ ਵਿਚੋਲਗੀ ਰਾਹੀਂ ਹੱਲ ਦੀ ਮੰਗ ਕਰ ਸਕਦੇ ਹੋ। ਇਹ ਕਾਨਫਰੰਸ ਕਿਸੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਵਿਦਿਅਕ ਨਿਯੁਕਤੀ ਜਾਂ FAPE ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਗੈਰ ਵਿਰੋਧੀ ਤਰੀਕੇ ਨਾਲ ਆਯੋਜਿਤ ਇੱਕ ਅਣਉਪਚਾਰਕ ਕਾਰਵਾਈ ਹੈ।

ਸੁਣਵਾਈ ਤੋਂ ਪਹਿਲਾਂ ਦੀ ਵਿਚੋਲਗੀ ਕਾਨਫਰੰਸ ਵਿੱਚ, ਮਾਤਾ-ਪਿਤਾ ਜਾਂ ਸਕੂਲ ਡਿਸਟ੍ਰਿਕਟ ਦੇ ਨਾਲ ਗੈਰ-ਵਕੀਲ ਪ੍ਰਤੀਨਿਧੀ ਵੀ ਆ ਸਕਦੇ ਹਨ ਅਤੇ ਉਹਨਾਂ ਨੂੰ ਸਲਾਹ ਦੇ ਸਕਦੇ ਹਨ ਅਤੇ ਕਾਨਫਰੰਸ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਿਸੇ ਵਕੀਲ ਨਾਲ ਸਲਾਹ ਕਰ ਸਕਦੇ ਹਨ। ਹਾਲਾਂਕਿ, ਇੱਕ ਪੂਰਵ-ਸੁਣਵਾਈ ਵਿਚੋਲਗੀ ਕਾਨਫਰੰਸ ਦੀ ਬੇਨਤੀ ਕਰਨਾ ਜਾਂ ਉਸ ਵਿੱਚ ਭਾਗ ਲੈਣਾ ਨਿਯਤ ਪ੍ਰਕਿਰਿਆ ਸੁਣਵਾਈ ਲਈ ਬੇਨਤੀ ਕਰਨ ਲਈ ਕਿਸੇ ਤਰ੍ਹਾਂ ਦੀ ਕੋਈ ਪੂਰਵ ਸ਼ਰਤ ਨਹੀਂ ਹੈ।

ਪੂਰਵ-ਸੁਣਵਾਈ ਵਿਚੋਲਗੀ ਕਾਨਫਰੰਸ ਲਈ ਸਾਰੀਆਂ ਬੇਨਤੀਆਂ ਪ੍ਰਬੰਧਕੀ ਸੁਣਵਾਈ ਦੇ ਦਫ਼ਤਰ (Office of Administrative Hearings, OAH) ਦੇ ਸੁਪਰਡੈਂਟ ਕੋਲ ਦਾਇਰ ਕੀਤੀਆਂ ਜਾਣਗੀਆਂ। OAH ਦੇ ਸੁਪਰਡੈਂਟ ਕੋਲ ਲਿਖਤੀ ਬੇਨਤੀ ਦਾਇਰ ਕਰਕੇ ਪੂਰਵ 0 ਸੁਣਵਾਈ ਵਿਚੋਲਗੀ ਕਾਨਫਰੰਸ ਸ਼ੁਰੂ ਕਰਨ ਵਾਲੀ ਧਿਰ ਵਿਚੋਲਗੀ ਲਈ ਦੂਜੀ ਧਿਰ ਨੂੰ ਬੇਨਤੀ ਦੀ ਕਾਪੀ ਉਸ ਵੇਲੇ ਮੁਹੱਈਆ ਕਰੇਗੀ ਜਦੋਂ ਬੇਨਤੀ ਦਾਇਰ ਕੀਤੀ ਜਾਂਦੀ ਹੈ।

ਪੂਰਵ-ਸੁਣਵਾਈ ਵਿਚੋਲਗੀ ਕਾਨਫਰੰਸ ਵਿਚੋਲਗੀ ਲਈ ਬੇਨਤੀ ਪ੍ਰਾਪਤ ਕਰਨ ਦੇ 15 ਦਿਨਾਂ ਅੰਦਰ OAH ਦੇ ਸੁਪਰਿੰਟੈਂਡੈਂਟ ਦੁਆਰਾ ਨਿਰਧਾਰਿਤ ਕੀਤੀ ਜਾਣੀ ਚਾਹੀਦੀ ਹੈ ਅਤੇ ਬੇਨਤੀ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਪੂਰੀ

ਕੀਤੀ ਜਾਣੀ ਚਾਹੀਦੀ ਹੈ ਜੇਕਰ ਦੋਵੇਂ ਪੱਖਾਂ ਸਮਾਂ ਵਧਾਉਣ ਲਈ ਸਹਿਮਤ ਨਾ ਹੋਣ। ਜੇਕਰ ਕੋਈ ਹੱਲ ਹੋ ਜਾਂਦਾ ਹੈ, ਤਾਂ ਧਿਰਾਂ ਇੱਕ ਕਾਨੂੰਨੀ ਤੌਰ ਤੇ ਬੱਝਵਾਂ ਲਿਖਤੀ ਸਮਝੌਤਾ ਲਾਗੂ ਕਰਨਗੀਆਂ ਜੋ ਇਸ ਹੱਲ ਨੂੰ ਨਿਰਧਾਰਤ ਕਰਦਾ ਹੈ। ਵਿਚੋਲਗੀ ਪ੍ਰਕਿਰਿਆ ਦੌਰਾਨ ਸਾਰੀਆਂ ਚਰਚਾਵਾਂ ਗੁਪਤ ਰਹਿਣਗੀਆਂ। ਸਾਰੀਆਂ ਪੂਰਵ-ਸੁਣਵਾਈ ਵਿਚੋਲਗੀ ਕਾਨਫਰੰਸਾਂ ਸਮੇਂ ਸਿਰ ਨਿਯਤ ਕੀਤੀਆਂ ਜਾਣਗੀਆਂ ਅਤੇ ਧਿਰਾਂ ਲਈ ਉਚਿਤ ਸਮੇਂ ਅਤੇ ਸਥਾਨ ਤੇ ਆਯੋਜਿਤ ਕੀਤੀਆਂ ਜਾਣਗੀਆਂ। ਜੇਕਰ ਸਾਰੀਆਂ ਧਿਰਾਂ ਦੀ ਸੰਤੁਸ਼ਟੀ ਦੇ ਮੁਤਾਬਕ ਮੁੱਦਿਆਂ ਦਾ ਹੱਲ ਨਹੀਂ ਹੁੰਦਾ ਹੈ, ਤਾਂ ਵਿਚੋਲਗੀ ਕਾਨਫਰੰਸ ਦੀ ਬੇਨਤੀ ਕਰਨ ਵਾਲੀ ਧਿਰ ਕੋਲ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਲਈ ਅਰਜ਼ੀ ਦੇਣ ਦਾ ਵਿਕਲਪ ਹੁੰਦਾ ਹੈ। (*EC* ਧਾਰਾਵਾਂ 56500.3 ਅਤੇ 56503)

## ਨਿਯਤ ਪ੍ਰਕਿਰਿਆ ਅਧਿਕਾਰ

### ਨਿਯਤ ਪ੍ਰਕਿਰਿਆ ਅਧਿਕਾਰ ਕੀ ਹਨ?

ਤੁਹਾਡੇ ਨਿਮਨਲਿਖਤ ਅਧਿਕਾਰ ਹਨ:

1. ਰਾਜ ਪੱਧਰ ਤੇ ਕਿਸੇ ਅਜਿਹੇ ਵਿਅਕਤੀ ਦੇ ਸਾਹਮਣੇ ਨਿਰਪੱਖ ਅਤੇ ਗੈਰਪੱਖਪਾਤੀ ਪ੍ਰਬੰਧਕੀ ਸੁਣਵਾਈ ਕਰੋ ਜੋ ਵਿਸ਼ੇਸ਼ ਸਿੱਖਿਆ ਅਤੇ ਪ੍ਰਬੰਧਕੀ ਸੁਣਵਾਈਆਂ ਨੂੰ ਨਿਯੰਤਰਿਤ ਕਰਨ ਵਾਲੇ ਕਾਨੂੰਨਾਂ ਦਾ ਜਾਣਕਾਰ ਹੋਵੇ। (20 *USC* ਧਾਰਾਵਾਂ 1415[f][1][A], ਅਤੇ 1415[f][3][A]-[D]; 34 *CFR* ਧਾਰਾ 300.511; *EC* ਧਾਰਾ 56501[b][4])
2. ਕਿਸੇ ਵਕੀਲ ਅਤੇ/ਜਾਂ ਅਪਾਹਜ ਬੱਚਿਆਂ ਬਾਰੇ ਗਿਆਨ ਰੱਖਣ ਵਾਲੇ ਵਿਅਕਤੀਆਂ ਦਾ ਸਾਥ ਅਤੇ ਸਲਾਹ ਲਓ (*EC* ਧਾਰਾ 56505 [e][1])
3. ਸਬੂਤ, ਲਿਖਤੀ ਦਲੀਲਾਂ, ਅਤੇ ਜ਼ੁਬਾਨੀ ਦਲੀਲਾਂ ਪੇਸ਼ ਕਰੋ। (*EC* ਧਾਰਾ 56505[e][2])
4. ਸਾਮ੍ਹਣਾ, ਜ਼ਰ੍ਹਾ, ਅਤੇ ਗਵਾਹਾਂ ਦੀ ਮੌਜੂਦਗੀ ਦੀ ਮੰਗ ਕਰੋ। (*EC* ਧਾਰਾ 56505[e][3])
5. ਮਾਤਾ-ਪਿਤਾ ਦੀ ਪਸੰਦ ਅਨੁਸਾਰ, ਸੁਣਵਾਈ ਦਾ ਲਿਖਤੀ ਜਾਂ ਇਲੈਕਟ੍ਰੌਨਿਕ ਵਾਚਿਕ ਰਿਕਾਰਡ ਪ੍ਰਾਪਤ ਕਰੋ, ਜਿਸ ਵਿੱਚ ਤੱਥਾਂ ਦੀਆਂ ਖੋਜਾਂ ਅਤੇ ਫੈਸਲੇ ਸ਼ਾਮਿਲ ਹੋਣ। (*EC* ਧਾਰਾ 56505[e][4])
6. ਆਪਣੇ ਬੱਚੇ ਨੂੰ ਸੁਣਵਾਈ ਵਿੱਚ ਮੌਜੂਦ ਰੱਖੋ (*EC* ਧਾਰਾ 56501[c][1])
7. ਸੁਣਵਾਈ ਨੂੰ ਜਨਤਾ ਲਈ ਖੁੱਲ੍ਹਾ ਜਾਂ ਬੰਦ ਰੱਖਿਆ ਜਾਵੇ (*EC* ਧਾਰਾ 56501[c][2])

8. ਸੁਣਵਾਈ ਤੋਂ ਪਹਿਲਾਂ ਪੰਜ (5) ਕਾਰੋਬਾਰੀ ਦਿਨਾਂ ਦੇ ਅੰਦਰ ਸਾਰੇ ਦਸਤਾਵੇਜ਼ਾਂ ਦੀ ਕਾਪੀ ਪ੍ਰਾਪਤ ਕਰੋ, ਜਿਸ ਵਿੱਚ ਉਸ ਮਿਤੀ ਤੱਕ ਪੂਰੇ ਕੀਤੇ ਗਏ ਮੁਲਾਂਕਣ ਅਤੇ ਸਿਫ਼ਾਰਸ਼ਾਂ, ਗਵਾਹਾਂ ਦੀ ਸੂਚੀ ਅਤੇ ਉਹਨਾਂ ਦੀ ਗਵਾਹੀ ਦੇ ਆਮ ਖੇਤਰ ਸ਼ਾਮਲ ਹਨ। (*EC* ਧਾਰਾਵਾਂ 56505[e][7] ਅਤੇ 56043[v])

9. ਸੁਣਵਾਈ ਤੋਂ ਘੱਟ ਤੋਂ ਘੱਟ ਦਸ (10) ਕੈਲੰਡਰ ਦਿਨ ਪਹਿਲਾਂ ਮੁੱਦਿਆਂ ਅਤੇ ਉਨ੍ਹਾਂ ਦੇ ਪ੍ਰਸਤਾਵਿਤ ਹੱਲ ਬਾਰੇ ਦੂਜੀਆਂ ਧਿਰਾਂ ਦੁਆਰਾ ਜਾਣਕਾਰੀ ਪ੍ਰਾਪਤ ਕਰੋ (*EC* ਧਾਰਾ 56505[e][6])

10. ਇੱਕ ਦੁਭਾਸ਼ੀਆ ਸੇਵਾ ਪ੍ਰਾਪਤ ਕਰੋ (*ਕੈਲੀਫੋਰਨੀਆ ਨਿਯਮ ਸੰਹਿਤਾ*, ਸਿਰਲੇਖ 5 (5 *CCR*) ਧਾਰਾ 3082[d])

11. ਸੁਣਵਾਈ ਦੀ ਸਮਾਂ-ਸੀਮਾ ਵਧਾਉਣ ਲਈ ਬੇਨਤੀ ਕਰੋ (*EC* ਧਾਰਾ 56505[f][3])

12. ਨਿਯਤ ਪ੍ਰਕਿਰਿਆ ਦੀ ਸੁਣਵਾਈ ਦੌਰਾਨ ਕਿਸੇ ਵੀ ਸਮੇਂ ਵਿਚੋਲਗੀ ਕਾਨਫਰੰਸ ਕਰੋ (*EC* ਧਾਰਾ 56501[b][2]), ਅਤੇ

13. ਸੁਣਵਾਈ ਤੋਂ ਘੱਟ ਤੋਂ ਘੱਟ ਦਿਨ ਪਹਿਲਾਂ ਦੂਜੀ ਧਿਰ ਤੋਂ ਨੋਟਿਸ ਪ੍ਰਾਪਤ ਕਰੋ ਕਿ ਦੂਜੀ ਧਿਰ ਕਿਸੇ ਵਕੀਲ ਦੁਆਰਾ ਪ੍ਰਤੀਨਿਧਤਾ ਕਰਨ ਦਾ ਇਰਾਦਾ ਰੱਖਦੀ ਹੈ (*EC* ਧਾਰਾ 56507[a]). (20 *USC* ਧਾਰਾ 1415[e]; 34 *CFR* ਧਾਰਾਵਾਂ 300.506, 300.508, 300.512 ਅਤੇ 300.515)

## ਇੱਕ ਲਿਖਤ ਨਿਯਤ ਪ੍ਰਕਿਰਿਆ ਦੀ ਸ਼ਿਕਾਇਤ ਦਾਇਰ ਕਰਨਾ

### ਮੈਂ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਕਿਵੇਂ ਕਰ ਸਕਦਾ/ਸਕਦੀ ਹਾਂ?

ਤੁਹਾਨੂੰ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਲਈ ਇੱਕ ਲਿਖਤੀ ਬੇਨਤੀ ਦਾਇਰ ਕਰਨ ਦੀ ਲੋੜ ਹੋਵੇਗੀ। ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਤੁਹਾਡੀ ਬੇਨਤੀ ਵਿੱਚ ਹੇਠ ਲਿਖੀ ਜਾਣਕਾਰੀ ਦਰਜ ਕਰਨਾ ਲਾਜ਼ਮੀ ਹੈ:

1. ਬੱਚੇ ਦਾ ਨਾਮ

2. ਬੱਚੇ ਦੀ ਰਿਹਾਇਸ਼ ਦਾ ਪਤਾ

3. ਉਸ ਸਕੂਲ ਦਾ ਜਿਸ ਸਕੂਲ ਵਿੱਚ ਬੱਚਾ ਪੜ੍ਹ ਰਿਹਾ ਹੈ

4. ਬੇਘਰ ਬੱਚੇ ਦੇ ਮਾਮਲੇ ਵਿੱਚ, ਬੱਚੇ ਲਈ ਉਪਲਬਧ ਸੰਪਰਕ ਜਾਣਕਾਰੀ ਅਤੇ ਉਸ ਸਕੂਲ ਦਾ ਨਾਮ ਜਿਸ ਵਿੱਚ ਬੱਚਾ ਪੜ੍ਹ ਰਿਹਾ ਹੈ, ਅਤੇ

5. ਸਮੱਸਿਆ ਦੀ ਪ੍ਰਕਿਰਤੀ ਦਾ ਵੇਰਵਾ, ਜਿਸ ਵਿੱਚ ਸਮੱਸਿਆ(ਸਮੱਸਿਆਵਾਂ) ਨਾਲ ਸਬੰਧਤ ਤੱਥ ਅਤੇ ਸਮੱਸਿਆ (ਸਮੱਸਿਆਵਾਂ) ਦੇ ਪ੍ਰਸਤਾਵਿਤ ਹੱਲ ਸ਼ਾਮਲ ਹਨ

ਫੈਡਰਲ ਅਤੇ ਰਾਜ ਕਨੂੰਨਾਂ ਦੇ ਮੁਤਾਬਕ ਨਿਯਤ ਪ੍ਰਕਿਰਿਆ ਸੁਣਵਾਈ ਦੇ ਲਈ ਅਰਜ਼ੀ ਦੇਣ ਵਾਲੇ ਕਿਸੇ ਵੀ ਧਿਰ ਨੂੰ ਲਿਖਤ ਬੇਨਤੀ ਦੀ ਇੱਕ ਕਾਪੀ ਦੂਜੀ ਧਿਰ ਨੂੰ ਪ੍ਰਦਾਨ ਕਰਨੀ ਹੋਵੇਗੀ। (20 *USC* ਧਾਰਾਵਾਂ 1415[b][7], ਅਤੇ 1415[c][2]; 34 *CFR* ਧਾਰਾ 300.508; *EC* ਧਾਰਾ 56502[c][1])

ਨਿਯਤ ਪ੍ਰਕਿਰਿਆ ਸੁਣਵਾਈ ਲਈ ਦਾਇਰ ਕਰਨ ਤੋਂ ਪਹਿਲਾਂ, ਸਕੂਲ ਡਿਸਟ੍ਰਿਕਟ ਨੂੰ ਇੱਕ ਰੈਜ਼ੋਲੂਸ਼ਨ ਸੈਸ਼ਨ ਬੁਲਾ ਕੇ ਮਾਮਲੇ ਨੂੰ ਸੁਲਝਾਉਣ ਦਾ ਮੌਕਾ ਪ੍ਰਦਾਨ ਕੀਤਾ ਜਾਵੇਗਾ, ਜੋ ਉਹਨਾਂ ਮਾਤਾ-ਪਿਤਾ ਅਤੇ IEP ਟੀਮ ਦੇ ਸੰਬੰਧਿਤ ਸਦੱਸਾਂ ਵਿੱਚਕਾਰ ਇੱਕ ਬੈਠਕ ਹੈ, ਜਿਨ੍ਹਾਂ ਨੂੰ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਵਿੱਚ ਪਛਾਣੇ ਗਏ ਤੱਥਾਂ ਦੀ ਖਾਸ ਜਾਣਕਾਰੀ ਹੁੰਦੀ ਹੈ। (20 *USC* ਧਾਰਾ 1415[f][1][B]; 34 *CFR* ਧਾਰਾ 300.510)

## ਇੱਕ ਰੈਜ਼ੋਲੂਸ਼ਨ ਸੈਸ਼ਨ ਵਿੱਚ ਕੀ ਸ਼ਾਮਲ ਹੁੰਦਾ ਹੈ?

ਮਾਤਾ-ਪਿਤਾ ਦੇ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਦਾ ਨੋਟਿਸ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਰੈਜ਼ੋਲਿਊਸ਼ਨ ਸੈਸ਼ਨ ਬੁਲਾਏ ਜਾਣਗੇ। ਸੈਸ਼ਨਾਂ ਵਿੱਚ ਸਕੂਲ ਡਿਸਟ੍ਰਿਕਟ ਦਾ ਇੱਕ ਪ੍ਰਤੀਨਿਧੀ ਸ਼ਾਮਲ ਹੋਵੇਗਾ ਜਿਸਦੇ ਕੋਲ ਫੈਸਲਾ ਲੈਣ ਦਾ ਅਧਿਕਾਰ ਹੈ ਅਤੇ ਇਸ ਵਿੱਚ ਸਕੂਲ ਡਿਸਟ੍ਰਿਕਟ ਦਾ ਕੋਈ ਵਕੀਲ ਸ਼ਾਮਲ ਨਹੀਂ ਹੋਵੇਗਾ ਜਦੋਂ ਤੱਕ ਮਾਤਾ-ਪਿਤਾ ਦੇ ਕੋਲ ਕੋਈ ਵਕੀਲ ਨਹੀਂ ਹੁੰਦਾ। ਬੱਚੇ ਦੇ ਮਾਤਾ-ਪਿਤਾ ਨਿਯਤ ਪ੍ਰਕਿਰਿਆ ਸੁਣਵਾਈ ਦੇ ਮੁੱਦੇ ਅਤੇ ਉਨ੍ਹਾਂ ਤੱਥਾਂ ਤੇ ਚਰਚਾ ਕਰ ਸਕਦੇ ਹਨ ਜੋ ਨਿਯਤ ਸੁਣਵਾਈ ਪ੍ਰਕਿਰਿਆ ਦੀ ਬੇਨਤੀ ਦਾ ਆਧਾਰ ਬਣਦੇ ਹਨ।

ਜੇਕਰ ਮਾਤਾ-ਪਿਤਾ ਅਤੇ ਸਕੂਲ ਡਿਸਟ੍ਰਿਕਟ ਬੈਠਕ ਨੂੰ ਰੱਦ ਕਰਨ ਲਈ ਲਿਖਤੀ ਰੂਪ ਵਿੱਚ ਸਹਿਮਤ ਹੁੰਦੇ ਹਨ ਤਾਂ ਰੈਜ਼ੋਲਿਊਸ਼ਨ ਸੈਸ਼ਨ ਦੀ ਲੋੜ ਨਹੀਂ ਹੈ। ਜੇਕਰ ਸਕੂਲ ਡਿਸਟ੍ਰਿਕਟ ਨੇ 30 ਦਿਨਾਂ ਦੇ ਅੰਦਰ ਨਿਯਤ ਪ੍ਰਕਿਰਿਆ ਸੁਣਵਾਈ ਦੇ ਮੁੱਦੇ ਦਾ ਹੱਲ ਨਹੀਂ ਕੀਤਾ, ਤਾਂ ਨਿਯਤ ਸੁਣਵਾਈ ਹੋ ਸਕਦੀ ਹੈ। ਜੇਕਰ ਕੋਈ ਹੱਲ ਹੋ ਜਾਂਦਾ ਹੈ, ਤਾਂ ਧਿਰਾਂ ਇੱਕ ਕਾਨੂੰਨੀ ਤੌਰ ਤੇ ਬੱਝਵਾਂ ਸਮਝੌਤਾ ਕਰਨਗੀਆਂ। (20 *USC* ਧਾਰਾ 1415[f][1][B]; 34 *CFR* ਧਾਰਾ 300.510)

## ਕੀ ਕਾਰਵਾਈ ਦੌਰਾਨ ਮੇਰੇ ਬੱਚੇ ਦੀ ਨਿਯੁਕਤੀ ਬਦਲਦੀ ਹੈ ?

ਕਿਸੇ ਵੀ ਪ੍ਰਸ਼ਾਸਕੀ ਜਾਂ ਨਿਆਂਇਕ ਕਾਰਵਾਈ ਵਿੱਚ ਸ਼ਾਮਲ ਬੱਚੇ ਨੂੰ ਮੌਜੂਦਾ ਵਿਦਿਅਕ ਨਿਯੁਕਤੀ ਵਿੱਚ ਉਦੋਂ ਤੱਕ ਰਹਿਣਾ ਚਾਹੀਦਾ ਹੈ ਜਦੋਂ ਤੱਕ ਤੁਸੀਂ ਅਤੇ ਸਕੂਲ ਡਿਸਟ੍ਰਿਕਟ ਕਿਸੇ ਹੋਰ ਵਿਵਸਥਾ ਤੇ ਸਹਿਮਤ ਨਾ ਹੋਵੋ। ਜੇਕਰ ਤੁਸੀਂ ਆਪਣੇ ਬੱਚੇ ਦੇ ਸ਼ੁਰੂਆਤੀ ਦਾਖਲੇ ਲਈ ਕਿਸੇ ਪਬਲਿਕ ਸਕੂਲ ਵਿੱਚ ਅਰਜ਼ੀ ਦੇ ਰਹੇ ਹੋ, ਤਾਂ ਸਾਰੀਆਂ ਕਾਰਵਾਈਆਂ ਪੂਰੀਆਂ ਹੋਣ

ਤੱਕ ਤੁਹਾਡੀ ਸਹਿਮਤੀ ਦੇ ਨਾਲ ਤੁਹਾਡੇ ਬੱਚੇ ਨੂੰ ਇੱਕ ਪਬਲਿਕ ਸਕੂਲ ਪ੍ਰੋਗਰਾਮ ਵਿੱਚ ਰੱਖਿਆ ਜਾਵੇਗਾ। (20 *USC* ਧਾਰਾ 1415[j]; 34 *CFR* ਧਾਰਾ 300.518; *EC* ਧਾਰਾ 56505[d])

**ਕੀ ਫੈਸਲੇ ਦੇ ਖਿਲਾਫ਼ ਅਪੀਲ ਕੀਤੀ ਜਾ ਸਕਦੀ ਹੈ?**

ਸੁਣਵਾਈ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਦੋਹਾਂ ਧਿਰਾਂ ਤੇ ਬੱਝਵਾਂ ਹੈ। ਕੋਈ ਵੀ ਧਿਰ ਅੰਤਿਮ ਫੈਸਲੇ ਦੇ 90 ਦਿਨਾਂ ਦੇ ਅੰਦਰ ਰਾਜ ਜਾਂ ਫੈਡਰਲ ਅਦਾਲਤ ਵਿੱਚ ਨਾਗਤਿਕ ਕਾਰਵਾਈ ਦਾਇਰ ਕਰਕੇ ਸੁਣਵਾਈ ਦੇ ਫੈਸਲੇ ਦੇ ਖਿਲਾਫ਼ ਅਪੀਲ ਕਰ ਸਕਦੀ ਹੈ। (20 *USC* ਧਾਰਾਵਾਂ 1415[i][2] ਅਤੇ [3][A], ਅਤੇ 1415[l]; 34 *CFR* ਧਾਰਾ 300.516; *EC* ਧਾਰਾ 56505[h] ਅਤੇ [k], *EC* ਧਾਰਾ 56043[w])

**ਮੇਰੇ ਵਕੀਲਾਂ ਦੀਆਂ ਫੀਸਾਂ ਦਾ ਭੁਗਤਾਨ ਕੌਣ ਕਰੇਗਾ?**

ਨਿਯਤ ਪ੍ਰਕਿਰਿਆ ਸੁਣਵਾਈ ਦੇ ਸੰਬੰਧ ਵਿੱਚ ਕਿਸੇ ਵੀ ਕਾਰਵਾਈ ਜਾਂ ਸੁਣਵਾਈ ਵਿੱਚ, ਜੇਕਰ ਤੁਸੀਂ ਸੁਣਵਾਈ ਵਿੱਚ ਪ੍ਰਚਲਿਤ ਧਿਰ ਹੋ ਤਾਂ ਅਦਾਲਤ, ਆਪਣੇ ਵਿਵੇਕ ਦੇ ਨਾਲ, ਅਪਾਹਜ ਬੱਚੇ ਦੇ ਮਾਤਾ-ਪਿਤਾ ਵਜੋਂ ਤੁਹਾਨੂੰ ਲਾਗਤ ਦੇ ਹਿੱਸੇ ਵਜੋਂ ਵਾਜਬ ਵਕੀਲ ਦੀ ਫੀਸ ਦਾ ਭੁਗਤਾਨ ਕਰ ਸਕਦੀ ਹੈ। ਪ੍ਰਸ਼ਾਸਨਿਕ ਸੁਣਵਾਈ ਦੇ ਨਤੀਜੇ ਤੋਂ ਬਾਅਦ, ਧਿਰਾਂ ਦੀ ਸਹਿਮਤੀ ਦੇ ਨਾਲ, ਵਾਜਬ ਵਕੀਲਾਂ ਦੀਆਂ ਫੀਸਾਂ ਵੀ ਤੈਅ ਕੀਤੀਆਂ ਜਾ ਸਕਦੀਆਂ ਹਨ। (20 *USC* ਧਾਰਾ 1415[i][3][B]–[G]; 34 *CFR* ਧਾਰਾ 300.517; *EC* ਧਾਰਾ 56507[b])

ਫੀਸ ਘਟਾਈ ਜਾਂ ਸਕਦੀ ਹੈ ਜੇਕਰ ਹੇਠ ਲਿਖੀਆਂ ਸ਼ਰਤਾਂ ਵਿੱਚੋਂ ਕੋਈ ਵੀ ਪ੍ਰਭਾਵੀ ਹੁੰਦੀ ਹੈ:

1. ਅਦਾਲਤ ਦਾ ਮੰਨਣਾ ਹੈ ਕਿ ਤੁਸੀਂ ਵਿਵਾਦ ਦੇ ਅੰਤਿਮ ਹੱਲ ਵਿੱਚ ਗੈਰ-ਵਾਜਬ ਤੌਰ ਤੇ ਦੇਰੀ ਕੀਤੀ ਹੈ
2. ਮੁਨਾਸਬ ਤੁਲਨਾਤਮਕ ਹੁਨਰ, ਪ੍ਰਤਿਸ਼ਠਾ, ਅਤੇ ਤਜ਼ਰਬੇਕਾਰ ਵਕੀਲਾਂ ਦੁਆਰਾ ਸਮਾਨ ਸੇਵਾਵਾਂ ਲਈ ਵਕੀਲਾਂ ਦੀ ਪ੍ਰਤੀ ਘੰਟਾਵਾਰ ਫੀਸ ਭਾਈਚਾਰੇ ਵਿੱਚ ਪ੍ਰਚਲਿਤ ਦਰ ਤੋਂ ਵੱਧ ਹੈ
3. ਬਿਤਾਇਆ ਗਿਆ ਸਮਾਂ ਅਤੇ ਪ੍ਰਦਾਨ ਕੀਤੀਆਂ ਗਈਆਂ ਕਾਨੂੰਨੀ ਸੇਵਾਵਾਂ ਬਹੁਤ ਜ਼ਿਆਦਾ ਸਨ, ਜਾਂ
4. ਤੁਹਾਡੇ ਵਕੀਲ ਨੇ ਨਿਯਤ ਪ੍ਰਕਿਰਿਆ ਬੇਨਤੀ ਨੋਟਿਸ ਵਿੱਚ ਸਕੂਲ ਡਿਸਟ੍ਰਿਕਟ ਨੂੰ ਢੁਕਵੀਂ ਜਾਣਕਾਰੀ ਪ੍ਰਦਾਨ ਨਹੀਂ ਕੀਤੀ।

ਹਾਲਾਂਕਿ, ਵਕੀਲਾਂ ਦੀਆਂ ਫੀਸਾਂ ਨਹੀਂ ਘਟਾਈਆਂ ਜਾਣਗੀਆਂ, ਜੇਕਰ ਅਦਾਲਤ ਨੂੰ ਪਤਾ ਲੱਗਦਾ ਹੈ ਕਿ ਰਾਜ ਜਾਂ ਸਕੂਲ ਡਿਸਟ੍ਰਿਕਟ ਨੇ ਕਾਰਵਾਈ ਜਾਂ ਸੁਣਵਾਈ ਦੇ ਅੰਤਮ ਹੱਲ ਵਿੱਚ ਗੈਰ-ਵਾਜਬ ਤੌਰ ਤੇ ਦੇਰੀ ਕੀਤੀ ਹੈ ਜਾਂ ਕਾਨੂੰਨ ਦੇ ਇਸ ਭਾਗ ਦੀ ਉਲੰਘਣਾ ਕੀਤੀ ਹੈ। (20 *USC* ਧਾਰਾ 1415[i][3][B]-[G]; 34 *CFR* ਧਾਰਾ 300.517)

IEP ਟੀਮ ਦੀ ਕਿਸੇ ਵੀ ਬੈਠਕ ਨਾਲ ਸਬੰਧਤ ਵਕੀਲਾਂ ਦੀਆਂ ਫੀਸਾਂ ਉਦੋਂ ਤੱਕ ਨਹੀਂ ਦਿੱਤੀਆਂ ਜਾ ਸਕਦੀਆਂ ਜਦੋਂ ਤੱਕ ਕਿ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਦੀ ਕਾਰਵਾਈ ਜਾਂ ਨਿਆਂਇਕ ਕਾਰਵਾਈ ਦੇ ਨਤੀਜੇ ਵਜੋਂ ਇੱਕ IEP ਟੀਮ ਦੀ ਬੈਠਕ ਬੁਲਾਈ ਨਹੀਂ ਜਾਂਦੀ। ਜੇਕਰ ਤੁਸੀਂ ਸੁਣਵਾਈ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਜ਼ਿਲ੍ਹਾ/ਜਨਤਕ ਏਜੰਸੀ ਦੁਆਰਾ ਕੀਤੀ ਗਈ ਵਾਜਬ ਨਿਪਟਾਰੇ ਦੀ ਪੇਸ਼ਕਸ਼ ਨੂੰ ਅਸਵੀਕਾਰ ਕਰਦੇ ਹੋ ਅਤੇ ਸੁਣਵਾਈ ਦਾ ਫੈਸਲਾ ਨਿਪਟਾਰੇ ਦੀ ਪੇਸ਼ਕਸ਼ ਨਾਲੋਂ ਜਿਆਦਾ ਅਨੁਕੂਲ ਨਹੀਂ ਹੈ ਤਾਂ ਵਕੀਲਾਂ ਦੀਆਂ ਫੀਸਾਂ ਤੋਂ ਵੀ ਇਨਕਾਰ ਕੀਤਾ ਜਾ ਸਕਦਾ ਹੈ। (20 *USC* ਧਾਰਾ 1415[i][3][B]–[G]; 34 *CFR* ਧਾਰਾ 300.517)

**ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ ਜਾਂ OAH ਵਿਚੋਲਗੀ ਜਾਂ ਨਿਯਤ ਪ੍ਰਕਿਰਿਆ ਦੀ ਸੁਣਵਾਈ ਲਈ ਦਾਇਰ ਕਰਨ ਲਈ, ਇੱਥੇ ਸੰਪਰਕ ਕਰੋ:**

[Office of Administrative Hearings
Attention: Special Education Division
2349 Gateway Oaks Drive, Suite 200
Sacramento, CA 95833-4231
Phone: 916-263-0880
Fax: 916-376-4207]

ਸੁਰੱਖਿਅਤ ਈ-ਫਾਈਲ ਟਰਾਂਸਮਿਸ਼ਨ (Secure e-File Transmission, SFT) ਸਿਸਟਮ ਦੀ ਵਰਤੋਂ ਕਰਕੇ OAH ਨਾਲ ਈਮੇਲ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ। OAH ਦੀ ਵੈੱਬਸਾਈਟ https://www.applications.dgs.ca.gov/OAH/oahSFTWeb ਤੇ SFT ਨੂੰ ਪਾਇਆ ਜਾ ਸਕਦਾ ਹੈ।

## ਅਪਾਹਜ ਵਿਦਿਆਰਥੀਆਂ ਲਈ ਸਕੂਲ ਅਨੁਸ਼ਾਸਨ ਅਤੇ ਨਿਯੁਕਤੀ ਪ੍ਰਕਿਰਿਆਵਾਂ

### ਸਕੂਲੀ ਅਨੁਸ਼ਾਸਨ ਅਤੇ ਵਿਕਲਪਿਕ ਅੰਤਰਿਮ ਵਿਦਿਅਕ ਸੈਟਿੰਗ

### ਕੀ ਮੇਰੇ ਬੱਚੇ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਜਾਂ ਬਾਹਰ ਕੱਢਿਆ ਜਾ ਸਕਦਾ ਹੈ?

ਸਕੂਲ ਦੇ ਕਰਮਚਾਰੀ ਇਹ ਨਿਰਧਾਰਤ ਕਰਦੇ ਸਮੇਂ ਮਾਮਲੇ-ਦਰ-ਮਾਮਲੇ ਦੇ ਆਧਾਰ ਤੇ ਕਿਸੇ ਵੀ ਵਿਲੱਖਣ ਹੇਠ ਦਿੱਤੀਆਂ ਪਰਿਸਥਿਤੀਆਂ ਬਾਰੇ ਵਿਚਾਰ ਕਰ ਸਕਦੇ ਹਨ ਕਿ ਕੀ ਕਿਸੇ ਅਪਾਹਜ ਬੱਚੇ ਲਈ, ਜੋ ਵਿਦਿਆਰਥੀ ਦੇ ਆਚਰਣ ਦੀ ਸੈਟਿੰਗ ਦੀ ਉਲੰਘਣਾ ਕਰਦਾ ਹੈ, ਨਿਯੁਕਤੀ ਵਿੱਚ ਤਬਦੀਲੀ ਢੁਕਵੀਂ ਹੈ ਜਾਂ ਨਹੀਂ:

- ਇੱਕ ਢੁਕਵੀਂ ਅੰਤਰਿਮ ਵਿਕਲਪਿਕ ਸਿੱਖਿਆ ਸੈਟਿੰਗ, ਕੋਈ ਹੋਰ ਸੈਟਿੰਗ, ਜਾਂ ਮੁਅੱਤਲੀ ਜੋ ਕਿ ਲਗਾਤਾਰ 10 ਸਕੂਲੀ ਦਿਨਾਂ ਤੋਂ ਵੱਧ ਨਾ ਹੋਵੇ

- ਦੁਰਾਚਾਰ ਦੀਆਂ ਵੱਖਰੀਆਂ ਘਟਨਾਵਾਂ ਲਈ ਇੱਕੋ ਸਕੂਲੀ ਸਾਲ ਵਿੱਚ ਲਗਾਤਾਰ 10 ਸਕੂਲੀ ਦਿਨਾਂ ਲਈ ਵਾਧੂ ਮੁਅੱਤਲੀ, ਲੇਕਿਨ ਇਸ ਤੋਂ ਜਿਆਦਾ ਨਹੀਂ।

## 10 ਦਿਨਾਂ ਤੋਂ ਵੱਧ ਸਮੇਂ ਦੀ ਮੁਅੱਤਲੀ ਤੋਂ ਬਾਅਦ ਕੀ ਹੁੰਦਾ ਹੈ?

ਕਿਸੇ ਅਪਾਹਜਤਾ ਵਾਲੇ ਬੱਚੇ ਨੂੰ ਉਸੇ ਸਕੂਲੀ ਸਾਲ ਵਿੱਚ 10 ਸਕੂਲੀ ਦਿਨਾਂ ਲਈ ਉਸ ਦੀ ਮੌਜੂਦਾ ਪਲੇਸਮੈਂਟ ਤੋਂ ਹਟਾਏ ਜਾਣ ਤੋਂ ਬਾਅਦ, ਮੁਅੱਤਲ ਕੀਤੇ ਗਏ ਕਿਸੇ ਵੀ ਦਿਨਾਂ ਦੌਰਾਨ ਜਨਤਕ ਏਜੰਸੀ ਨੂੰ ਬੱਚੇ ਨੂੰ ਆਮ ਸਿੱਖਿਆ ਪਾਠਕ੍ਰਮ ਵਿੱਚ ਹਿੱਸਾ ਲੈਣਾ ਜਾਰੀ ਰੱਖਣ ਅਤੇ ਬੱਚੇ ਦੇ IEP ਵਿੱਚ ਨਿਰਧਾਰਤ ਟੀਚਿਆਂ ਨੂੰ ਪੂਰਾ ਕਰਨ ਵੱਲ ਅੱਗੇ ਵਧਣ ਦੇ ਯੋਗ ਬਣਾਉਣ ਲਈ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਨਾਲ ਹੀ, ਇੱਕ ਬੱਚੇ ਨੂੰ, ਜਿਵੇਂ ਕਿ ਉਚਿਤ ਹੋਵੇ, ਇੱਕ ਕਾਰਜਾਤਮਕ ਵਿਵਹਾਰ ਸੰਬੰਧੀ ਮੁਲਾਂਕਣ ਅਤੇ ਵਿਵਹਾਰ ਸੰਬੰਧੀ ਦਖਲਅੰਦਾਜ਼ੀ ਸੇਵਾਵਾਂ ਅਤੇ ਸੰਸ਼ੋਧਨ ਪ੍ਰਾਪਤ ਹੋਣਗੇ, ਜੋ ਕਿ ਵਿਵਹਾਰ ਦੀ ਉਲੰਘਣਾ ਨੂੰ ਸੰਬੋਧਿਤ ਕਰਨ ਲਈ ਤਿਆਰ ਕੀਤੇ ਗਏ ਹਨ ਤਾਂ ਜੋ ਇੰਝ ਦੁਬਾਰਾ ਨਾ ਹੋਵੇ।

ਜੇਕਰ ਕੋਈ ਬੱਚਾ, ਅਜਿਹੇ ਸਥਾਨ ਤੇ 10 ਦਿਨਾਂ ਤੋਂ ਵੱਧ ਸਮਾਂ ਬਿਤਾਉਂਦਾ ਹੈ, ਤਾਂ IEP ਟੀਮ ਦੀ ਬੈਠਕ ਇਹ ਨਿਰਧਾਰਿਤ ਕਰਨ ਲਈ ਹੋਣੀ ਚਾਹੀਦੀ ਹੈ ਕਿ ਕੀ ਬੱਚੇ ਦਾ ਦੁਰਵਿਹਾਰ ਅਪਾਹਜਤਾ ਦੇ ਕਾਰਨ ਹੈ। ਜੇਕਰ ਸੰਭਵ ਹੋਵੇ ਤਾਂ ਇਹ IEP ਟੀਮ ਬੈਠਕ ਤੁਰੰਤ ਹੋਣੀ ਚਾਹੀਦੀ ਹੈ, ਜਾਂ ਇਸ ਕਿਸਮ ਦੀ ਅਨੁਸ਼ਾਸਨੀ ਕਾਰਵਾਈ ਕਰਨ ਦੇ ਸਕੂਲ ਡਿਸਟ੍ਰਿਕਟ ਦੇ ਫੈਸਲੇ ਦੇ 10 ਦਿਨਾਂ ਦੇ ਅੰਦਰ ਹੋਣੀ ਚਾਹੀਦੀ ਹੈ।

ਇੱਕ ਮਾਤਾ-ਪਿਤਾ ਹੋਣ ਦੇ ਨਾਤੇ ਤੁਹਾਨੂੰ ਇਸ IEP ਟੀਮ ਦੇ ਇੱਕ ਸਦੱਸ ਵਜੋਂ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ। ਸਕੂਲ ਡਿਸਟ੍ਰਿਕਟ ਨੂੰ ਦੁਰਵਿਹਾਰ ਨੂੰ ਸੰਬੋਧਿਤ ਕਰਨ ਲਈ ਇੱਕ ਮੁਲਾਂਕਣ ਯੋਜਨਾ ਵਿਕਸਿਤ ਕਰਨ ਦੀ ਲੋੜ ਹੋ ਸਕਦੀ ਹੈ ਜਾਂ, ਜੇਕਰ ਤੁਹਾਡੇ ਬੱਚੇ ਕੋਲ ਵਿਵਹਾਰ ਦਖਲਅੰਦਾਜ਼ੀ ਯੋਜਨਾ ਹੈ, ਤਾਂ ਯੋਜਨਾ ਦੀ ਸਮੀਖਿਆ ਕਰੋ ਅਤੇ ਲੋੜ ਦੇ ਮੁਤਾਬਕ ਇਸਨੂੰ ਸੰਸ਼ੋਧਿਤ ਕਰੋ।

## ਜੇਕਰ IEP ਟੀਮ ਇਹ ਨਿਰਧਾਰਿਤ ਕਰਦੀ ਹੈ ਕਿ ਦੁਰਵਿਹਾਰ ਅਪਾਹਜਤਾ ਦੇ ਕਾਰਨ ਨਹੀਂ ਹੈ ਤਾਂ ਕੀ ਹੋਵੇਗਾ?

ਜੇਕਰ IEP ਟੀਮ ਇਹ ਸਿੱਟਾ ਕੱਢਦੀ ਹੈ ਕਿ ਦੁਰਵਿਹਾਰ ਬੱਚੇ ਦੀ ਅਪਾਹਜਤਾ ਦਾ ਪ੍ਰਗਟਾਵਾ ਨਹੀਂ ਸੀ, ਤਾਂ ਸਕੂਲ ਡਿਸਟ੍ਰਿਕਟ ਅਨੁਸ਼ਾਸਨੀ ਕਾਰਵਾਈ ਕਰ ਸਕਦਾ ਹੈ, ਜਿਵੇਂ ਕਿ ਮੁਅੱਤਲ ਕਰਨਾ, ਠੀਕ ਉਸੇ ਤਰ੍ਹਾਂ ਜਿਵੇਂ ਕਿ ਬਿਨਾਂ ਅਪਾਹਜਤਾ ਵਾਲੇ ਬੱਚੇ ਦੇ ਲਈ ਹੁੰਦਾ ਹੈ। (20 *USC* ਧਾਰਾ 1415[k][1] ਅਤੇ [7]; 34 *CFR* ਧਾਰਾ 300.530)

ਜੇਕਰ ਤੁਸੀਂ IEP ਟੀਮ ਦੇ ਫੈਸਲੇ ਨਾਲ ਅਸਹਿਮਤ ਹੁੰਦੇ ਹੋ, ਤਾਂ ਤੁਸੀਂ ਇੱਕ ਤੇਜ਼ ਨਿਯਤ ਪ੍ਰਕਿਰਿਆ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ, ਜੋ ਕਿ ਉਸ ਮਿਤੀ ਤੋਂ 20 ਸਕੂਲੀ ਦਿਨਾਂ ਦੇ ਅੰਦਰ ਹੋਣੀ ਚਾਹੀਦੀ ਹੈ ਜਿਸ ਦਿਨ ਤੁਸੀਂ ਸੁਣਵਾਈ ਲਈ ਬੇਨਤੀ ਕੀਤੀ ਸੀ। (20 *USC* ਧਾਰਾ 1415[k][2]; 34 *CFR* ਧਾਰਾ 300.531[c])

ਸੈਟਿੰਗ ਭਾਵੇਂ ਕੋਈ ਵੀ ਹੋਵੇ, ਸਕੂਲ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਲਈ FAPE ਪ੍ਰਦਾਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਵਿਕਲਪਕ ਵਿਦਿਅਕ ਸੈਟਿੰਗ ਨੂੰ ਲਾਜ਼ਮੀ ਤੌਰ ਤੇ ਬੱਚੇ ਨੂੰ ਆਮ ਪਾਠਕ੍ਰਮ ਵਿੱਚ ਹਿੱਸਾ ਲੈਣਾ ਜਾਰੀ ਰੱਖਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਅਤੇ IEP ਵਿੱਚ ਵੇਰਵੇ ਸਹਿਤ ਸੇਵਾਵਾਂ ਅਤੇ ਸੰਸ਼ੋਧਨਾਂ ਨੂੰ ਜਾਰੀ ਰੱਖਣਾ ਯਕੀਨੀ ਬਣਾਉਣਾ ਚਾਹੀਦਾ ਹੈ। (34 *CFR* ਧਾਰਾ 300.530; *EC* ਧਾਰਾ 48915.5[b])

## ਪ੍ਰਾਈਵੇਟ ਸਕੂਲ ਜਾਣ ਵਾਲੇ ਬੱਚੇ

### ਕੀ ਜਿਨ੍ਹਾਂ ਵਿਦਿਆਰਥੀਆਂ ਨੂੰ ਮਾਤਾ-ਪਿਤਾ ਦੁਆਰਾ ਪ੍ਰਾਈਵੇਟ ਸਕੂਲਾਂ ਵਿੱਚ ਪਾਇਆ ਗਿਆ ਹੈ, ਉਹ ਜਨਤਕ ਤੌਰ ਤੇ ਫੰਡ ਕੀਤੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਦੇ ਹਨ?

ਜਿਹੜੇ ਬੱਚੇ ਆਪਣੇ ਮਾਤਾ-ਪਿਤਾ ਦੁਆਰਾ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਕੀਤੇ ਗਏ ਹਨ, ਉਹ ਜਨਤਕ ਤੌਰ ਤੇ ਫੰਡ ਕੀਤੇ ਗਏ ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਦੇ ਹਨ। ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਨਿਰਧਾਰਤ ਕਰਨ ਲਈ ਸਕੂਲ ਡਿਸਟ੍ਰਿਕਟ ਨੂੰ ਪ੍ਰਾਈਵੇਟ ਸਕੂਲਾਂ ਅਤੇ ਮਾਤਾ-ਪਿਤਾ ਨਾਲ ਸਲਾਹ ਕਰਨੀ ਚਾਹੀਦੀ ਹੈ। ਹਾਲਾਂਕਿ ਸਕੂਲ ਡਿਸਟ੍ਰਿਕਟ ਦੀ ਸਪੱਸ਼ਟ ਜ਼ਿੰਮੇਵਾਰੀ ਹੈ ਕਿ ਉਹ ਅਪਾਹਜ ਵਿਦਿਆਰਥੀਆਂ ਨੂੰ FAPE ਪ੍ਰਦਾਨ ਕਰਨ, ਲੇਕਿਨ ਉਹਨਾਂ ਦੇ ਬੱਚਿਆਂ ਨੂੰ, ਜਦੋਂ ਉਹਨਾਂ ਦੇ ਮਾਤਾ-ਪਿਤਾ ਦੁਆਰਾ ਪ੍ਰਾਈਵੇਟ ਸਕੂਲਾਂ ਵਿੱਚ ਪਾਇਆ ਜਾਂਦਾ ਹੈ, ਤਾਂ ਉਹਨਾਂ ਨੂੰ FAPE ਪ੍ਰਦਾਨ ਕਰਨ ਲਈ ਲੋੜੀਂਦੀਆਂ ਕੁਝ ਜਾਂ ਸਾਰੀਆਂ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਹੁੰਦਾ ਹੈ। (20 *USC* ਧਾਰਾ 1415[a][10][A]; 34 *CFR* ਧਾਰਾਵਾਂ 300.137 ਅਤੇ 300.138; *EC* ਧਾਰਾ 56173)

ਜੇਕਰ ਅਸਾਧਾਰਨ ਲੋੜਾਂ ਵਾਲੇ ਕਿਸੇ ਵਿਅਕਤੀ ਦੇ ਮਾਤਾ-ਪਿਤਾ, ਜਿਹਨਾਂ ਨੇ ਪਹਿਲਾਂ ਸਕੂਲ ਡਿਸਟ੍ਰਿਕਟ ਦੇ ਅਧਿਕਾਰ ਦੇ ਤਹਿਤ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਪ੍ਰਾਪਤ ਕੀਤੀਆਂ ਸਨ, ਉਹ ਸਥਾਨਕ ਵਿਦਿਅਕ ਏਜੰਸੀ ਦੀ ਸਹਿਮਤੀ ਜਾਂ ਰੈਫਰਲ ਤੋਂ ਬਿਨਾਂ ਬੱਚੇ ਨੂੰ ਕਿਸੇ ਪ੍ਰਾਈਵੇਟ ਐਲੀਮੈਂਟਰੀ ਸਕੂਲ ਜਾਂ ਸੈਕੰਡਰੀ ਸਕੂਲ ਵਿੱਚ ਦਾਖਲ ਕਰਵਾਉਂਦਾ ਹਨ, ਤਾਂ ਜੇਕਰ ਸਕੂਲ ਡਿਸਟ੍ਰਿਕਟ ਨੇ FAPE ਉਪਲਬਧ ਕਰਾਇਆ ਹੈ ਤਾਂ ਸਕੂਲ ਡਿਸਟ੍ਰਿਕਟ ਨੂੰ ਵਿਸ਼ੇਸ਼ ਸਿੱਖਿਆ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ। ਇੱਕ ਅਦਾਲਤ ਜਾਂ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਅਧਿਕਾਰੀ ਸਕੂਲ ਡਿਸਟ੍ਰਿਕਟ ਤੋਂ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਵਿਸ਼ੇਸ਼ ਸਿੱਖਿਆ ਅਤੇ ਪ੍ਰਾਈਵੇਟ ਸਕੂਲ ਦੇ ਖਰਚੇ ਦੀ ਅਦਾਇਗੀ ਕਰਨ ਦੀ ਮੰਗ ਕਰ ਸਕਦਾ ਹੈ ਕੇਵਲ ਤਾਂ ਹੀ ਜੇਕਰ ਅਦਾਲਤ ਜਾਂ ਨਿਯਤ ਪ੍ਰਕਿਰਿਆ ਸੁਣਵਾਈ ਅਧਿਕਾਰੀ ਨੂੰ ਇਹ ਪਤਾ ਲੱਗਦਾ ਹੈ ਕਿ ਸਕੂਲੀ ਡਿਸਟ੍ਰਿਕਟ ਨੇ ਪ੍ਰਾਈਵੇਟ ਐਲੀਮੈਂਟਰੀ ਸਕੂਲ ਜਾਂ ਸੈਕੰਡਰੀ ਸਕੂਲ ਵਿੱਚ ਦਾਖਲੇ ਤੋਂ ਪਹਿਲਾਂ ਬੱਚੇ ਨੂੰ ਸਮੇਂ ਸਿਰ FAPE ਉਪਲਬਧ ਨਹੀਂ ਕਰਵਾਇਆ ਸੀ ਅਤੇ ਇਹ ਕਿ ਨਿੱਜੀ ਨਿਯੁਕਤੀ ਢੁਕਵੀਂ ਹੈ। (20 *USC* ਧਾਰਾ 1412[a][10][C]; 34 *CFR* ਧਾਰਾ 300.148; *EC* ਧਾਰਾ 56175)

**ਮੁਆਵਜ਼ਾ ਕਦੋਂ ਘਟਾਇਆ ਸਕਦਾ ਹੈ ਜਾਂ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ?**

ਅਦਾਲਤ ਜਾਂ ਸੁਣਵਾਈ ਅਧਿਕਾਰੀ ਮੁਆਵਜ਼ੇ ਨੂੰ ਘਟਾ ਸਕਦਾ ਹੈ ਜਾਂ ਇਸ ਤੋਂ ਇਨਕਾਰ ਕਰ ਸਕਦਾ ਹੈ ਜੇਕਰ ਤੁਸੀਂ ਆਪਣੇ ਬੱਚੇ ਨੂੰ ਪਬਲਿਕ ਸਕੂਲ ਤੋਂ ਹਟਾਉਣ ਤੋਂ ਪਹਿਲਾਂ ਆਪਣੇ ਬੱਚੇ ਨੂੰ ਸਕੂਲ ਡਿਸਟ੍ਰਿਕਟ ਵੱਲੋਂ ਨੋਟਿਸ ਦਿੱਤੇ ਜਾਣ ਤੇ ਮੁਲਾਂਕਣ ਲਈ ਉਪਲਬਧ ਨਹੀਂ ਕਰਵਾਇਆ ਹੈ। ਤੁਹਾਨੂੰ ਮੁਆਵਜ਼ੇ ਤੋਂ ਇਨਕਾਰ ਵੀ ਕੀਤਾ ਜਾ ਸਕਦਾ ਹੈ ਜੇਕਰ ਤੁਸੀਂ ਸਕੂਲ ਡਿਸਟ੍ਰਿਕਟ ਨੂੰ ਸੂਚਿਤ ਨਹੀਂ ਕੀਤਾ ਕਿ ਤੁਸੀਂ ਸਕੂਲ ਡਿਸਟ੍ਰਿਕਟ ਦੁਆਰਾ ਪ੍ਰਸਤਾਵਿਤ ਵਿਸ਼ੇਸ਼ ਸਿੱਖਿਆ ਨਿਯੁਕਤੀ ਤੋਂ ਇਨਕਾਰ ਕਰ ਰਹੇ ਹੋ, ਜਿਸ ਵਿੱਚ ਆਪਣੀਆਂ ਚਿੰਤਾਵਾਂ ਅਤੇ ਆਪਣੇ ਬੱਚੇ ਨੂੰ ਜਨਤਕ ਖਰਚੇ ਤੇ ਇੱਕ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਨ ਦੇ ਇਰਾਦੇ ਨੂੰ ਬਿਆਨ ਕਰਨਾ ਸ਼ਾਮਲ ਹੈ।

ਸਕੂਲ ਡਿਸਟ੍ਰਿਕਟ ਨੂੰ ਤੁਹਾਡਾ ਨੋਟਿਸ:

- ਜਾਂ ਤਾਂ ਤੁਹਾਡੇ ਬੱਚੇ ਨੂੰ ਪਬਲਿਕ ਸਕੂਲ ਤੋਂ ਹਟਾਉਣ ਤੋਂ ਪਹਿਲਾਂ ਸਭ ਤੋਂ ਹਾਲੀਆ IEP ਟੀਮ ਬੈਠਕ ਵਿੱਚ ਦਿੱਤਾ ਜਾਣਾ ਚਾਹੀਦਾ ਹੈ,
- ਜਾਂ ਤਾਂ ਤੁਹਾਡੇ ਬੱਚੇ ਨੂੰ ਪਬਲਿਕ ਸਕੂਲ ਤੋਂ ਹਟਾਉਣ ਤੋਂ ਘੱਟੋ-ਘੱਟ 10 ਕਾਰੋਬਾਰੀ ਦਿਨਾਂ (ਛੁੱਟੀਆਂ ਸਮੇਤ) ਪਹਿਲਾਂ ਲਿਖਤੀ ਰੂਪ ਵਿੱਚ ਦਿੱਤਾ ਜਾਣਾ ਚਾਹੀਦਾ ਹੈ। (20 *USC* ਧਾਰਾ 1412[a][10][C]; 34 *CFR* ਧਾਰਾ 300.148; *EC* ਧਾਰਾ 56176)

**ਮੁਆਵਜ਼ਾ ਕਦੋਂ ਘਟਾਇਆ ਨਹੀਂ ਜਾਂ ਸਕਦਾ ਜਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ?**

ਜੇਕਰ ਤੁਸੀਂ ਹੇਠਾਂ ਦਿੱਤੇ ਕਿਸੇ ਵੀ ਕਾਰਨ ਕਰਕੇ ਸਕੂਲ ਡਿਸਟ੍ਰਿਕਟ ਨੂੰ ਲਿਖਤੀ ਸੂਚਨਾ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦੇ ਹੋ ਤਾਂ ਅਦਾਲਤ ਜਾਂ ਸੁਣਵਾਈ ਅਧਿਕਾਰੀ ਨੂੰ ਤੁਹਾਡੇ ਮੁਆਵਜ਼ੇ ਨੂੰ ਘੱਟ ਨਹੀਂ ਕਰਨਾ ਚਾਹੀਦਾ ਜਾਂ ਇਨਕਾਰ ਨਹੀਂ ਕਰਨਾ ਚਾਹੀਦਾ ਹੈ:

- ਸਕੂਲ ਨੇ ਤੁਹਾਨੂੰ ਨੋਟਿਸ ਪ੍ਰਦਾਨ ਕਰਨ ਤੋਂ ਰੋਕਿਆ ਹੋਵੇ
- ਤੁਹਾਨੂੰ ਪ੍ਰਕਿਰਿਆ ਸੰਬੰਧੀ ਸੁਰੱਖਿਆ ਦੀ ਇਸ ਸੂਚਨਾ ਦੀ ਕਾਪੀ ਪ੍ਰਾਪਤ ਨਹੀਂ ਹੋਈ ਸੀ ਜਾਂ ਤੁਹਾਨੂੰ ਜ਼ਿਲ੍ਹੇ ਨੂੰ ਸੂਚਿਤ ਕਰਨ ਦੀ ਜ਼ਰੂਰਤ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ
- ਨੋਟਿਸ ਪ੍ਰਦਾਨ ਕਰਨ ਦੇ ਨਾਲ ਸੰਭਾਵੀ ਤੌਰ ਤੇ ਤੁਹਾਡੇ ਬੱਚੇ ਨੂੰ ਸ਼ਰੀਰਕ ਨੁਕਸਾਨ ਹੋਇਆ ਹੋਵੇ
- ਅਨਪੜ੍ਹਤਾ ਅਤੇ ਅੰਗਰੇਜ਼ੀ ਵਿੱਚ ਲਿਖਣ ਦੀ ਅਸਮਰੱਥਾ ਨੇ ਤੁਹਾਨੂੰ ਨੋਟਿਸ ਦੇਣ ਤੋਂ ਰੋਕਿਆ ਹੋਵੇ, ਜਾਂ

- ਨੋਟਿਸ ਪ੍ਰਦਾਨ ਕਰਨ ਦੇ ਨਤੀਜੇ ਵਜੋਂ ਸੰਭਾਵੀ ਤੌਰ ਤੇ ਤੁਹਾਡੇ ਬੱਚੇ ਨੂੰ ਗੰਭੀਰ ਭਾਵਨਾਤਮਕ ਨੁਕਸਾਨ ਪਹੁੰਚਾਇਆ ਹੋਵੇ

(20 *USC* ਧਾਰਾ 1412[a] [10] [C]; 34 *CFR* ਧਾਰਾ 300.148; *EC* ਧਾਰਾ 56177)

## ਰਾਜ ਸ਼ਿਕਾਇਤ ਪ੍ਰਕਿਰਿਆਵਾਂ

### ਮੈਂ ਰਾਜ ਦੀ ਪਾਲਣਾ ਸੰਬੰਧੀ ਸ਼ਿਕਾਇਤ ਕਦੋਂ ਦਰਜ ਕਰ ਸਕਦਾ/ਸਕਦੀ ਹਾਂ?

ਜਦੋਂ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਕਿਸੇ ਸਕੂਲ ਡਿਸਟ੍ਰਿਕਟ ਨੇ ਫੈਡਰਲ ਜਾਂ ਰਾਜ ਦੇ ਵਿਸ਼ੇਸ਼ ਸਿੱਖਿਆ ਕਾਨੂੰਨਾਂ ਜਾਂ ਨਿਯਮਾਂ ਦੀ ਉਲੰਘਣਾ ਕੀਤੀ ਹੈ, ਤਾਂ ਤੁਸੀਂ ਰਾਜ ਦੀ ਪਾਲਣਾ ਸੰਬੰਧੀ ਸ਼ਿਕਾਇਤ ਦਰਜ਼ ਕਰ ਸਕਦੇ ਹੋ। ਤੁਹਾਡੀ ਲਿਖਤੀ ਸ਼ਿਕਾਇਤ ਵਿੱਚ ਫੈਡਰਲ ਅਤੇ ਰਾਜ ਦੇ ਵਿਸ਼ੇਸ਼ ਸਿੱਖਿਆ ਕਾਨੂੰਨਾਂ ਦੀ ਘੱਟ ਤੋਂ ਘੱਟ ਇੱਕ ਕਥਿਤ ਉਲੰਘਣਾ ਦਾ ਵਰਣਨ ਕਰਨਾ ਲਾਜ਼ਮੀ ਹੈ। CDE ਦੁਆਰਾ ਸ਼ਿਕਾਇਤ ਪ੍ਰਾਪਤ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਉਲੰਘਣਾ ਨਹੀਂ ਹੋਣੀ ਚਾਹੀਦੀ। ਸ਼ਿਕਾਇਤ ਦਾਇਰ ਕਰਦੇ ਸਮੇਂ, ਤੁਹਾਨੂੰ ਸ਼ਿਕਾਇਤ ਦੀ ਇੱਕ ਕਾਪੀ ਸਕੂਲ ਡਿਸਟ੍ਰਿਕਟ ਨੂੰ ਉਸ ਵੇਲੇ ਭੇਜਣੀ ਹੋਵੇਗੀ ਜਦੋਂ ਤੁਸੀਂ CDE ਕੋਲ ਰਾਜ ਦੀ ਪਾਲਣਾ ਸੰਬੰਧੀ ਸ਼ਿਕਾਇਤ ਦਰਜ਼ ਕਰਦੇ ਹੋ। (34 *CFR* ਧਾਰਾ 300.151–153; 5 *CCR* ਧਾਰਾ 4600)

ਫੈਡਰਲ ਅਤੇ ਰਾਜ ਦੇ ਵਿਸ਼ੇਸ਼ ਸਿੱਖਿਆ ਕਾਨੂੰਨਾਂ ਜਾਂ ਨਿਯਮਾਂ ਦੀ ਉਲੰਘਣਾ ਦਾ ਦੋਸ਼ ਲਗਾਉਣ ਵਾਲੀਆਂ ਸ਼ਿਕਾਇਤਾਂ ਨੂੰ ਡਾਕ ਰਾਹੀਂ ਹੇਠ ਦਿੱਤੇ ਪਤੇ ਤੇ ਭੇਜਿਆ ਜਾ ਸਕਦਾ ਹੈ:

[California Department of Education
Special Education Division
Complaint Support Unit
1430 N Street, Suite 2401
Sacramento, CA 95814]

ਤੁਸੀਂ ਆਪਣੀ ਸ਼ਿਕਾਇਤ ਨੂੰ speceducation@cde.ca.gov ਤੇ ਈਮੇਲ ਵੀ ਕਰ ਸਕਦੇ ਹੋ।

ਫੈਡਰਲ ਜਾਂ ਰਾਜ ਦੇ ਵਿਸ਼ੇਸ਼ ਸਿੱਖਿਆ ਕਾਨੂੰਨਾਂ ਜਾਂ ਨਿਯਮਾਂ ਦੁਆਰਾ ਕਵਰ ਨਾ ਕੀਤੇ ਜਾਣ ਵਾਲੇ ਮੁੱਦਿਆਂ ਨਾਲ ਸੰਬੰਧਤ ਸ਼ਿਕਾਇਤਾਂ ਲਈ, ਆਪਣੇ ਜ਼ਿਲ੍ਹੇ ਦੀਆਂ ਸਮਾਨ ਸ਼ਿਕਾਇਤ ਪ੍ਰਕਿਰਿਆਵਾਂ ਡਾ ਹਵਾਲਾ ਲਓ।

ਸ਼ਿਕਾਇਤ ਦਰਜ ਕਰਨ ਦੇ ਤਰੀਕੇ ਸਮੇਤ, ਝਗੜੇ ਦੇ ਨਿਪਟਾਰੇ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ, 800-926-0648 ਤੇ ਟੈਲੀਫੋਨ ਰਾਹੀਂ; 916-327-3704 ਤੇ ਫੈਕਸ ਰਾਹੀਂ; ਜਾਂ CDE, ਵਿਸ਼ੇਸ਼ ਸਿੱਖਿਆ ਦੇ ਵੈੱਬਪੇਜ ਤੇ

https://www.cde.ca.gov/sp/se/index.asp ਤੇ ਜਾ ਕੇ CDE, ਵਿਸ਼ੇਸ਼ ਸਿੱਖਿਆ ਵਿਭਾਗ, ਸ਼ਿਕਾਇਤ ਸਹਾਇਤਾ ਯੂਨਿਟ ਨਾਲ ਸੰਪਰਕ ਕਰੋ।

## ਪਰਿਵਾਰਾਂ ਲਈ ਸਹਾਇਤਾ

### ਸੈਨੇਟ ਬਿੱਲ 511, ਪਰਿਵਾਰਕ ਸਸ਼ਕਤੀਕਰਨ ਕੇਂਦਰ

### ਪਿਛੋਕੜ

ਪਰਿਵਾਰਕ ਸਸ਼ਕਤੀਕਰਨ ਕੇਂਦਰ (Family Empowerment Center FEC) ਦੀ ਸਥਾਪਨਾ 2001 ਦੇ ਕਾਨੂੰਨ (ਸੈਨੇਟ ਬਿੱਲ 511, ਅਲਪਰਟ) ਦੇ ਅਧਿਆਇ 690 ਵਿੱਚ ਕੀਤੀ ਗਈ ਸੀ, ਜੋ ਕਿ *ਸਿੱਖਿਆ ਸੰਹਿਤਾ* (Education Code, *EC*) 56400-56415 ਦੇ ਰੂਪ ਵਿੱਚ ਲਾਗੂ ਕੀਤਾ ਗਿਆ ਸੀ। FEC ਤਿੰਨ ਤੋਂ ਬਾਈ ਸਾਲ ਦੀ ਉਮਰ ਦੇ ਅਪਾਹਜ ਬੱਚਿਆਂ ਵਾਲੇ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

ਵਿਧਾਨ ਮੰਡਲ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਅਪਾਹਜ ਬੱਚਿਆਂ ਅਤੇ ਨੌਜਵਾਨ ਬਾਲਗਾਂ ਦੇ ਮਾਤਾ-ਪਿਤਾ, ਸਰਪ੍ਰਸਤ, ਅਤੇ ਪਰਿਵਾਰਾਂ ਕੋਲ ਸਹੀ ਜਾਣਕਾਰੀ, ਵਿਸ਼ੇਸ਼ ਸਿਖਲਾਈ, ਅਤੇ ਸਾਥੀ ਤੋਂ ਸਾਥੀ ਸਹਾਇਤਾ ਤੱਕ ਪਹੁੰਚ ਹੋਵੇ। FECs ਦਾ ਉਦੇਸ਼ ਮਾਤਾ-ਪਿਤਾ ਨੂੰ ਆਪਣੇ ਬੱਚੇ ਦੀਆਂ ਵਿਦਿਅਕ ਅਤੇ ਵਿਕਾਸ ਸੰਬੰਧੀ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਸਹਾਇਤਾ ਕਰਨਾ, ਸੇਵਾ ਪ੍ਰਦਾਤਾਵਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ, ਵਿਅਕਤੀਗਤ ਸਿੱਖਿਆ ਯੋਜਨਾ ਪ੍ਰਕਿਰਿਆ ਲਈ ਇੱਕ ਸਰੋਤ ਦੇ ਤੌਰ ਤੇ ਕੰਮ ਕਰਨਾ, ਸਕੂਲ ਸੁਧਾਰ ਅਤੇ ਸੁਧਾਰ ਗਤੀਵਿਧੀਆਂ ਵਿੱਚ ਹਿੱਸਾ ਲੈਣਾ, ਵਿਕਲਪਕ ਵਿਵਾਦ ਦੇ ਹੱਲ ਨੂੰ ਵਧਾਵਾ ਦੇਣਾ, ਅਤੇ ਨਾਟ-ਪਿਤਾ ਅਤੇ ਪੇਸ਼ੇਵਰਾਂ ਦਰਮਿਆਨ ਸਕਾਰਾਤਮਕ ਸਬੰਧਾਂ ਦਾ ਸਮਰਥਨ ਕਰਨਾ ਹੈ। ਹਰੇਕ FEC ਰਾਹੀਂ ਉਪਲਬਧ ਸੇਵਾਵਾਂ ਭਾਈਚਾਰੇ ਦੀਆਂ ਲੋੜਾਂ ਦੇ ਅਧਾਰ ਤੇ ਵੱਖ-ਵੱਖ ਹੁੰਦੀਆਂ ਹਨ।

### FEC ਸੰਪਰਕ ਅਤੇ ਸੇਵਾ ਜਾਣਕਾਰੀ

Los Angeles ਯੂਨੀਫਾਈਡ ਸਕੂਲ ਡਿਸਟ੍ਰਿਕਟ (Unified School District, USD) ਲਈ ਤੁਹਾਡੀ ਕਾਉਂਟੀ ਜਾਂ ਜ਼ਿਪ ਕੋਡ ਨੂੰ ਸੇਵਾ ਪ੍ਰਦਾਨ ਕਰਨ ਵਾਲੇ FEC ਦਾ ਪਤਾ ਲਗਾਉਣ ਲਈ, ਹੇਠਾਂ ਦਿੱਤੀ ਸਾਰਣੀ ਨੂੰ ਵੇਖੋ, ਜੋ ਆਖਰੀ ਵਾਰ ਮਾਰਚ 2024 ਵਿੱਚ ਅੱਪਡੇਟ ਕੀਤੀ ਗਈ ਸੀ।

ਹਾਲੀਆ ਮੌਜੂਦਾ FEC ਸੰਪਰਕ ਜਾਣਕਾਰੀ ਲਈ, CDE, ਵਿਸ਼ੇਸ਼ ਸਿੱਖਿਆ ਕੈਲੀਫੋਰਨੀਆ ਮਾਤਾ-ਪਿਤਾ ਸੰਗਠਨ (Special Education California Parent Organizations) ਦੇ ਵੈੱਬਪੇਜ https://www.cde.ca.gov/sp/se/qa/caprntorg.asp ਤੇ ਜਾਓ।

| ਸੰਗਠਨ | ਉਹਨਾਂ ਕਾਉਂਟੀ ਦੇ ਨਾਮ ਜਿੱਥੇ ਸੇਵਾ ਪ੍ਰਦਾਨ ਕੀਤੀ ਗਈ | ਵੈੱਬਸਾਈਟ |
|---|---|---|
| Ability Path's Family Resource Center of San Mateo County | San Mateo | https://www.smcfrc.org/ |
| Alpha Family Empowerment Center | Santa Barbara | https://alphasb.org/ |
| Care Parent Network | Contra Costa | https://www.careparentnetwork.org/ |
| Challenged Family Resource Empowerment Center | Merced | http://www.challengedfrc.org/ |
| Changing Tides Family Services | Humboldt | https://www.changingtidesfs.org/ |
| Early Start Family Resource Network and Family Empowerment Center | Riverside, San Bernardino | www.esfrn.org |
| Exceptional Family Resource Center (EFRC) | Imperial, San Diego | https://efrconline.org/ |
| Exceptional Parents Unlimited (EPU) | Fresno, Kings, Madera, Mariposa | https://www.epuchildren.org/ |

| ਸੰਗਠਨ | ਉਹਨਾਂ ਕਾਉਂਟੀ ਦੇ ਨਾਮ ਜਿੱਥੇ ਸੇਵਾ ਪ੍ਰਦਾਨ ਕੀਤੀ ਗਈ | ਵੈੱਬਸਾਈਟ |
|---|---|---|
| Family Focus Resource and Empowerment Center | **Los Angeles – (ਕੈਚਮੈਂਟ ਖੇਤਰ A) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:**<br>Acton-Agua Dulce USD, Antelope Valley Union High SD, Castaic Union SD, Eastside Union Elementary SD, Gorman Joint SD, Hughes-Elizabeth Lakes Elementary SD, Keppel Union Elementary SD, Lancaster Elementary SD, Las Virgenes USD, Newhall SD, Palmdale Elementary SD, Saugus Union SD, SBE - Academia Avance Charter, Sulphur Springs Union SD, Westside Union Elementary SD, William S. Hart Union High SD, Wilsona Elementary SD<br>**Los Angeles USD ਜ਼ਿਜ ਕੋਡ :**<br>90290, 91040, 91042, 91303, 91304, 91306, 91307, 91311, 91316, 91324, 91325, 91326, 91330, 91331, 91335, 91340, 91342, 91343, 91344, 91345, 91352, 91356, 91364, 91367, 91371, 91401, 91402, 91403, 91405, 91406, 91411, 91423, 91436, 91601, 91602, 91604, 91605, 91606, 91607, 91608 | https://csun.edu/family-focus-resource-center |
| Family Resource Center of the Redwoods | Del Norte | www.frcredwoods.org |
| Family Resource Navigators | Alameda | https://familyresourcenavigators.org/ |
| Family Resource Network | Amador, Calaveras, San Joaquin, Stanislaus, Tuolumne | https://www.frcn.org/ |
| Family SOUP | Colusa, Sutter, Yuba | http://www.familysoup.org/ |
| H.E.A.R.T.S. Connection Family Resource Center and Empowerment Center | Kern, Inyo, Mono | http://www.heartsfrc.org/ |

| ਸੰਗਠਨ | ਉਹਨਾਂ ਕਾਉਂਟੀ ਦੇ ਨਾਮ ਜਿੱਥੇ ਸੇਵਾ ਪ੍ਰਦਾਨ ਕੀਤੀ ਗਈ | ਵੈੱਬਸਾਈਟ |
|---|---|---|
| Lake Family Resource Center–Family Empowerment Center | Lake | www.lakefrc.org |
| Matrix Parent Network & Resource Center | Marin, Napa, Solano, Sonoma | https://www.matrixparents.org/ |
| Parents Helping Parents, Inc. | Santa Clara | https://www.php.com/ |
| Parents Helping Parents San Luis Obispo | San Luis Obispo | http://www.phpslo.org/ |
| Parenting Network Visalia Family Resource Center | Tulare | https://www.parentingnetwork.org/ |
| Parents' Place Family Resource and Empowerment Center | **Los Angeles – (ਕੈਚਮੈਂਟ ਖੇਤਰ J) ਹੇਠ ਲਿਖੇ LEA ਖੇਤਰ ਸ਼ਾਮਲ ਹਨ:** Arcadia USD, Azusa USD, Baldwin Park USD, Bassett USD, Bonita USD, Charter Oak USD, Claremont USD, Covina Valley USD, Duarte USD, El Monte City SD, El Monte Union High SD, Glendora USD, Hacienda La Puente USD, Monrovia USD, Mountain View Elementary SD, Pasadena USD, Pomona USD, Rowland USD, Valle Lindo Elementary SD, Walnut Valley USD, West Covina USD | http://www.parentsplacefrc.com/ |

| ਸੰਗਠਨ | ਉਹਨਾਂ ਕਾਉਂਟੀ ਦੇ ਨਾਮ ਜਿੱਥੇ ਸੇਵਾ ਪ੍ਰਦਾਨ ਕੀਤੀ ਗਈ | ਵੈੱਬਸਾਈਟ |
|---|---|---|
| Partnership Family Empowerment Center | **Los Angeles – (ਕੈਚਮੈਂਟ ਖੇਤਰ C) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:** Alhambra USD, East Whittier Elementary SD, El Rancho USD, Garvey Elementary SD, Los Nietos SD, Montebello USD, Rosemead USD, San Gabriel USD, San Marino USD, SBE - Los Angeles College Prep Academy, South Pasadena USD, South Whittier Elementary SD, Temple City SD, Whittier City Elementary SD, Whittier Union High SD **Los Angeles USD ਜ਼ਿਪ ਕੋਡ:** 90022, 90023, 90031, 90032, 90033, 90040, 90041, 90042, 90063, 90065, 91754 | http://www.eastlapartnershipfec.net |
| Plumas Rural Services | Lassen, Modoc, Plumas, Sierra | https://www.plumasruralservices.org/ |
| Rainbow Connection Family Resource and Empowerment Center | Ventura | https://rainbowconnectionfrc.weebly.com/ |
| Raise & Shine Early Start Family Resource Center | Mendocino | https://www.raiseandshine.org/ |
| Rowell Family Empowerment of Northern California | Butte, Glenn, Shasta, Siskiyou, Tehama, Trinity | https://rfenc.org |
| South Central Los Angeles Regional Center (McClaney Family Resource Center) | **Los Angeles – (ਕੈਚਮੈਂਟ ਖੇਤਰ B) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:** Compton USD, Downey USD, Lynwood USD, Paramount USD **Los Angeles USD ਜ਼ਿਪ ਕੋਡ:** 90001, 90002, 90003, 90007, 90008, 90011, 90016, 90018, 90037, 90043, 90044, 90047, 90058, 90059, 90061, 90062, 90201, 90255, 90270, 90280 | https://sclarc.org/ |

| ਸੰਗਠਨ | ਉਹਨਾਂ ਕਾਉਂਟੀ ਦੇ ਨਾਮ ਜਿੱਥੇ ਸੇਵਾ ਪ੍ਰਦਾਨ ਕੀਤੀ ਗਈ | ਵੈੱਬਸਾਈਟ |
|---|---|---|
| Special Kids Connect | Monterey | https://specialkidsconnect.org/ |
| Special Parents Information Network (SPIN) | San Benito, Santa Cruz | https://www.spinsc.org/ |
| Support for Families of Children with Disabilities | San Francisco | https://www.supportforfamilies.org/ |
| Team of Advocates for Special Kids, Inc. (TASK) | Orange | https://taskca.org/ |

| | | |
|---|---|---|
| Team of Advocates for Special Kids, Inc. (TASK) | **Los Angeles – (ਕੈਚਮੈਂਟ ਖੇਤਰ E) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:**<br>Hermosa Beach City SD, Manhattan Beach USD, Palos Verdes Peninsula USD, Redondo Beach USD, Torrance USD<br>**Los Angeles USD ਜ਼ਿਪ ਕੋਡ:** 90275, 90501, 90502<br>---<br>**Los Angeles – (ਕੈਚਮੈਂਟ ਖੇਤਰ F) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:**<br>Long Beach USD<br>---<br>**Los Angeles – (ਕੈਚਮੈਂਟ ਖੇਤਰ G) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:**<br>ABC USD, Bellflower USD, Little Lake City Elementary SD, Norwalk La Mirada<br>---<br>**Los Angeles – (ਕੈਚਮੈਂਟ ਖੇਤਰ H) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:**<br>**Los Angeles USD ਜ਼ਿਪ ਕੋਡ:** 90710, 90717, 90731, 90732, 90744, 90745, 90746, 90810<br>---<br>**Los Angeles – (ਕੈਚਮੈਂਟ ਖੇਤਰ I) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:**<br>Burbank USD, Glendale USD, La Cañada USD<br>**Los Angeles USD ਜ਼ਿਪ ਕੋਡ:**<br>90004, 90005, 90006, 90010, 90012, 90013, 90014, 90015, 90017, 90019, 90020, 90021, 90026, 90027, 90028, 90029, 90035, 90036, 90038, 90039, 90046, 90048, 90057, 90068, 90069, 90071 | https://taskca.org/ |

| ਸੰਗਠਨ | ਉਹਨਾਂ ਕਾਉਂਟੀ ਦੇ ਨਾਮ ਜਿੱਥੇ ਸੇਵਾ ਪ੍ਰਦਾਨ ਕੀਤੀ ਗਈ | ਵੈੱਬਸਾਈਟ |
| --- | --- | --- |
| WarmLine Family Resource Center | Alpine, El Dorado, Nevada, Placer, Sacramento, Yolo | http://www.warmlinefrc.org/ |
| Westside Family Resource and Empowerment Center | **Los Angeles – (ਕੈਚਮੈਂਟ ਖੇਤਰ D) ਹੇਠਾਂ ਦਿੱਤੇ LEA ਖੇਤਰ ਅਤੇ ਜ਼ਿਪ ਕੋਡ ਸ਼ਾਮਲ ਹਨ:** Beverly Hills USD, Centinela Valley Union High SD, Culver City USD, El Segundo USD, Hawthorne SD, Inglewood USD, Lawndale Elementary SD, Lennox SD, Santa Monica-Malibu USD, SBE - New West Charter, Wiseburn USD **Los Angeles USD ਜ਼ਿਪ ਕੋਡ:** 90024, 90025, 90034, 90035, 90045, 90049, 90064, 90066, 90067, 90077, 90094, 90210, 90230, 90247, 90248, 90249, 90272, 90291, 90292, 90293, 90301, 90303 | http://wfrec.org/ |

## ਇਸ ਸੂਚਨਾ ਵਿੱਚ ਵਰਤੇ ਗਏ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

ADR: Alternative Dispute Resolution (ਵਿਵਾਦ ਦਾ ਵਿਕਲਪਿਕ ਹੱਲ)

*CFR*: *Code of Federal Regulations (ਫੈਡਰਲ ਨਿਯਮ ਸੰਹਿਤਾ)*

*EC*: California *Education Code (ਕੈਲੀਫੋਰਨੀਆ ਸਿੱਖਿਆ ਸੰਹਿਤਾ)*

FAPE: Free Appropriate Public Education (ਮੁਫਤ ਢੁੱਕਵੀਂ ਜਨਤਕ ਸਿੱਖਿਆ)

FEC: Family Empowerment Center on Disability (ਅਪਾਹਜਤਾ ਤੇ ਪਰਿਵਾਰਕ ਸਸ਼ਕਤੀਕਰਨ ਕੇਂਦਰ)

IDEA: Individuals with Disabilities Education Act (ਅਪਾਹਜਤਾ ਵਿਅਕਤਿ ਸਿੱਖਿਆ ਐਕਟ)

IEP: Individualized Education Program (ਵਿਅਕਤੀਗਤ ਸਿੱਖਿਆ ਪ੍ਰੋਗਰਾਮ)

PTIC: Parent Training and Information Center (ਮਾਤਾ-ਪਿਤਾ ਸਿਖਲਾਈ ਅਤੇ ਸੂਚਨਾ ਕੇਂਦਰ)

OAH: Office of Administrative Hearings (ਪ੍ਰਬੰਧਕੀ ਸੁਣਵਾਈ ਦਾ ਦਫ਼ਤਰ)

SELPA: Special Education Local Plan Area (ਵਿਸ਼ੇਸ਼ ਸਿੱਖਿਆ ਸਥਾਨਕ ਯੋਜਨਾ ਖੇਤਰ)

*USC*: *United States Code (ਸੰਯੁਕਤ ਰਾਜ ਸੰਹਿਤਾ)*